# 52
# ਰੰਗੀ ਕਲਮ

ਜਸਤੇਜ ਸਿੰਘ ਸਰਾ

BlueRose ONE .com
Stories Matter
NewDelhi • London

**BLUEROSE PUBLISHERS**
India | U.K.

Copyright © JASTEJ SINGH SRA 2026

All rights reserved by author. No part of this publication may be reproduced, stored in a retrieval system or transmitted in any form or by any means, electronic, mechanical, photocopying, recording or otherwise, without the prior permission of the author. Although every precaution has been taken to verify the accuracy of the information contained herein, the publisher assumes no responsibility for any errors or omissions. No liability is assumed for damages that may result from the use of information contained within.

BlueRose Publishers takes no responsibility for any damages, losses, or liabilities that may arise from the use or misuse of the information, products, or services provided in this publication.

BlueRose ONE.com
Stories Matter
NewDelhi • London

For permissions requests or inquiries regarding this publication, please contact:

BLUEROSE PUBLISHERS
www.BlueRoseONE.com
info@bluerosepublishers.com
+91 8882 898 898
+4407342408967

ISBN: 978-93-7310-565-9

Cover design: Daksh
Typesetting: Tanya Raj Upadhyay

First Edition: February 2026

# Index


ਜਾਣ-ਪਛਾਣ ........ 1

1. ਉਸਤਾਦ (ੳ) ........ 3
2. ਅੱਖੀਆਂ (ਅ) ........ 5
3. ਇਸ਼ਕ ਤਸਵੀਰ (ੲ) ........ 7
4. ਸਾਰੀ ਜ਼ਿੰਦਗੀ (ਸ) ........ 9
5. ਹੋਰ ਲਿਖਾਂ (ਹ) ........ 11
6. ਕੀ? (ਕ) ........ 13
7. ਖੋਲੀ ਪਿਟਾਰੀ (ਖ) ........ 15
8. ਗਹਿਰਾ ਸੁਪਨਾ (ਗ) ........ 17
9. ਘਰੇ ਨੀਂਦ (ਘ) ........ 20
10. ਇਸ਼ਕ ਦੀ A/B/C (ਙ) ........ 22
11. ਚੰਗਾ ਨੀ (ਚ) ........ 24
12. ਛੱਡ ਦੇ ਲਿਖਣਾ (ਛ) ........ 27
13. ਜ਼ਿੰਦਗੀ (ਜ) ........ 30
14. ਝੁੰਡ (ਝ) ........ 32
15. ਇਸ਼ਕ ਰਹਿਮਤ (ਞ) ........ 34
16. ਟੇਢਾ ਟੇਢਾ (ਟ) ........ 36
17. ਠੰਡਾ ਗਰਮ (ਠ) ........ 38
18. ਡਰ (ਡ) ........ 41

19. ਢੋਲ (ਢ) ....................................................43
20. ਇੱਕ (ਣ) ....................................................45
21. ਤਾਰੇ (ਤ) ....................................................47
22. ਥੋੜ੍ਹਾ ਥੋੜ੍ਹਾ (ਥ) ....................................................49
23. ਦੋ ਮੂੰਹ (ਦ) .................................................... 51
24. ਧਰੀਂ ਬੋਚ ਕੇ (ਧ) ....................................................53
25. ਨਾਂ (ਨ) ....................................................55
26. ਪਤਾ ਨੀ (ਪ) ....................................................57
27. ਫਰਜ਼ (ਫ) ....................................................59
28. ਬਹਾਨਾ (ਬ) .................................................... 61
29. ਭਾਅ (ਭ) ....................................................63
30. ਮੁੱਕ ਜਾਣੀ (ਮ) ....................................................65
31. ਯਰ ਸਾਕੀਆ (ਯ) ....................................................67
32. ਰਮਜ਼ਾਂ (ਰ) ....................................................70
33. ਲਾਕ (ਲ) ....................................................72
34. ਵੇਖਿਆ (ਵ) ....................................................74
35. ਆਸ਼ਕ (ੜ) ....................................................76
36. ਜਾਗਦੇ ਰਹਿਣਾ (ਜ) ....................................................78
37. ਸੋਚ (ਸ) ....................................................80
38. ਤੇਰੀ ਦੀਦ (ਤ) ....................................................82
39. ਜੋੜਨਾ ਜੁੜਨਾ(ਜ) ....................................................84
40. ਸੱਚੀਂ ਅਜੀਬ(ਸ) ....................................................87

41. ਘਰ ਵਰਗੀ(ਘ) ........................................................ 90
42. ਸੰਡੇ ਮੰਡੇ(ਸ)........................................................... 92
43. ਰੌਲ਼ੇ ਦੀ ਵਜ੍ਹਾ - ਧੀ ਦੀ ਰਜ਼ਾ(ਰ)................................... 94
44. ਮੱਝ ਦਾ ਦੁੱਧ(ਮ) ...................................................... 96
45. ਸਾਡੇ ਵਾਲਾ(ਸ) ........................................................ 98
46. ਨਾਂ ਹੀ ਮੈਂ(ਨ) ..........................................................100
47. ਬੋਝ ਜ਼ਿਆਦਾ(ਬ) .....................................................102
48. ਠੱਕ ਠੱਕ(ਠ) ...........................................................104
49. ਡੋਲਦਾ ਨੀ(ਡ) .........................................................106
50. ਪਤਾ ਨੀ(ਪ) ...........................................................108
51. ਜੇ ਨਾ ਹੋਵੇ (ਜ) .......................................................110
52. ਬਦਲਗੇ(ਬ) ...........................................................112

# ਜਾਣ-ਪਛਾਣ



ਸਰਾ ਰਤਨ ਸਿਓਂ ਦਾ ਪੋਤਾ, ਪਿੰਡ ਮਸ਼ਾਣੇ ਤੋਂ
ਸਾਧੂ ਸਿਓਂ ਦਾ ਦੋਹਤਾ, ਪੁੱਛ ਸਿਆਣੇ ਤੋਂ
ਪੂਹਲਾ ਨਾਨਕਾ ਪਿੰਡ, ਸਿੱਧੂ ਘਰਾਣੇ ਤੋਂ
ਮਸ਼ਾਣਾ ਪੰਜ ਕੋਹ ਦੂਰ ਹੈ ਹਰਿਆਣੇ ਤੋਂ

ਸਕੂਲ ਵਾਲੇ ਕਹਿੰਦੇ ਆ ਜਾਓ, ਪੱਕਾ ਨਾਂ ਰੱਖੀਏ
ਲਿਖਣਾ ਕੀ ਹੈ ਮੂੰਹਰੇ , ਪਿੱਛੇ ਤਾਂ ਸਰਾ ਰੱਖੀਏ
ਕੋਈ ਆਖੇ ਚਲੋ, ਨਾਂ ਦਾ ਜਾਕੇ ਅੱਖਰ ਕੱਢੀਏ
ਬਾਪੂ ਕਹੇ ਸਾਰੇ ਅੱਖਰ ਉਸਦੇ, ਕੰਮ ਏਹੇ ਛੱਡੀਏ
ਵੱਡਾ ਅਫ਼ਸਰ ਬਣਨਾ ਕੁਰਸੀ ਮੇਜ਼ ਹੈ ਲਾਓਣਾ

ਸਾਰਿਆਂ ਦੇ ਨਾਂ ਲਗਦਾ ਪਿੱਛੇ ਤੇਜ ਹੈ ਲਾਓਣਾ

ਫੇਰ ਲਾਇਆ....

'ਜੱਜਾ' ਜਜ਼ਬਾਤਾਂ ਦਾ ਤੇ 'ਸੱਸਾ' ਸੰਸਾਰ ਦਾ

'ਤੱਤਾ' ਤੇਰੇ ਨਾਮ ਦਾ ਫੇਰ 'ਜੱਜਾ' ਜੈ ਜੈ ਕਾਰ ਦਾ

ਚੰਗੇ ਬਹੁਤ ਸਕੂਲ 'ਚ ਕਾਲਜ ਖੇਡਿਆ ਪੜ੍ਹਿਆ

ਚੰਗਾ ਤਰਾਸ਼ ਤਰਾਸ਼ ਕੇ ਜਿੰਦਗੀ ਨੇ ਬੁੱਤ ਘੜ੍ਹਿਆ

ਸਾਰੇ ਅੱਖਰ ਜੋੜ ਕੇ ਇਸ਼ਕ ਦੀ ਰੀਤ ਬਣਾਈ

ਸਾਥੀ ਗੀਤ ਸੁਣਾ ਕੇ ਡਾ. ਨਵਨੀਤ ਬਣਾਈ

ਬਾਹਲਾ ਕੁਝ ਬੋਲਣਾ ਨੀ ਰਾਜ਼ ਬਹੁਤ ਐ

ਓਹ ਦਾਤਾ, ਓ ਮਾਪੇ, ਮੈਨੂੰ ਨਾਜ਼ ਬਹੁਤ ਐ

ਏਸ ਪਰਿਵਾਰ 'ਚ ਜਨਮਿਆ ਧੰਨਭਾਗ ਨੇ ਮੇਰੇ

ਪੂਰੀ ਦੁਨੀਆ ਹੀ ਲਗਦੀ ਜਿਵੇਂ ਬਾਗ਼ ਨੇ ਮੇਰੇ......

ਪਹਿਲੀ ਕਿਤਾਬ ਮੇਰੀ ਸ਼ੁਰੂ ਊੜੇ ਆੜੇ ਤੋਂ

ਪਿਆਰ ਮੁਹੱਬਤ ਵੰਡੂ ਦੂਰ ਬਹੁਤ ਉਜਾੜੇ ਤੋਂ

ਪੈਤੀਂ ਤੇ ਸਤਾਰਾਂ ਕਾਹਤੋਂ ਮੈਂ ਇਹ ਬਵੰਜਾ ਰੱਖੇ

ਜਿੰਨ੍ਹੇ ਸਾਲ 'ਚ ਹਫ਼ਤੇ, ਓਨੇ ਹੀ ਤਾਸ਼ ਦੇ ਪੱਤੇ

ਨਾਲੋ ਨਾਲ ਨੇ ਕੁਝ ਕ ਜੋ ਤਸਵੀਰਾਂ ਖਿੱਚੀਆਂ,

ਰੰਗ-ਬਿਰੰਗੀਆਂ ਕੁਦਰਤ ਨੇ ਜੋ ਲਕੀਰਾਂ ਖਿੱਚੀਆਂ।

ਲਿਖਣ ਦਾ ਪੂਰਾ ਜੋਸ਼ ਆ ਜਾਂਦਾ ਜਦ ਮਿਲੇ ਹੁੰਗਾਰਾ,

ਬੋਲ ਪੰਜਾਬੀ ਗੂੰਜੇ ਤੇ ਸੁਣੇ ਸੰਸਾਰ ਇਹ ਸਾਰਾ।

# 1. ਉਸਤਾਦ



ਜੇ ਤੂੰ ਚੱਖਣੇ ਨੇ ਰੱਬ ਵਾਲੇ ਸਵਾਦ ਕਹਿ 'ਲਾ
ਰਾਹ ਜੋ ਦੱਸੇ ਓਸ ਯਾਰ ਨੂੰ ਉਸਤਾਦ ਕਹਿ 'ਲਾ
ਬਸ ਉਸਤਾਦ ਦੀ ਘਾਟ ਮੈਨੂੰ ਖਾਈ ਜਾਂਦੀ ਏ
ਏਸੇ ਘਾਟ 'ਚ ਹੀ ਜਿੰਦਗੀ ਜਾਈ ਜਾਂਦੀ ਏ

ਪਲ-ਪਲ ਕਰਦੇ ਦਿਨ ਲੰਘਦੇ ਨੇ ਮੇਰੇ,
ਦੂਰ ਦੱਖਣ ਤੱਕ ਲੱਭੇ, ਮਿਲੇ ਨੀ ਡੇਰੇ
ਰਾਤ ਵੀ ਸੁਪਨਿਆਂ ਨੂੰ ਲਾਰੇ ਲਾਈ ਜਾਂਦੀ ਏ,
ਬਸ ਉਸਤਾਦ ਦੀ ਘਾਟ ਮੈਨੂੰ ਖਾਈ ਜਾਂਦੀ ਏ.............

ਵਿੱਚੋਂ ਓਹ ਨਿਕਲ ਗਿਆ ਸਰੀਰ ਕੀ ਕਰਨਾ
ਰਹੂ ਰੂਹ ਕਾਇਮ ਸਦਾ ਸਰੀਰ ਹੀ ਮਰਨਾ
ਜੋ ਜਾਣ ਗਿਆ ਸੋ ਪਾਰ ਗਿਆ
ਨਹੀਂ ਤਾਂ ਹੋਰ ਹੀ ਕਿਤਾਬ ਪੜ੍ਹਾਈ ਜਾਂਦੀ ਏ..
ਬਸ ਉਸਤਾਦ ..............

ਓਹਦੇ ਰਾਹ 'ਤੇ ਤੁਰਨ ਵਾਲੇ ਕਦੇ ਮੁੜੇ ਹੀ ਨਹੀਂ
ਐਥੇ ਰਾਹ ਓਹ ਦੱਸਦੇ ਜੋ ਓਧਰ ਤੁਰੇ ਹੀ ਨਹੀਂ
Approach ਸਹੀ, ਸੋਚ ਸਹੀ
ਓਹੀ ਸਹੀ ਰਾਹ ਚਲਾਈ ਜਾਂਦੀ ਏ
ਬਸ ਉਸਤਾਦ ..............

# 2. ਅੱਖੀਆਂ



ਖੁਸ਼ੀ ਹੋਵੇ ਗ਼ਮੀ ਹੋਵੇ, ਭਾਵੇਂ ਕੋਈ ਦਿਹਾੜਾ ਹੋਵੇ
ਦੁੱਖ ਹੋਵੇ ਸੁੱਖ ਹੋਵੇ, ਵੰਡ ਹੋਵੇ ਪਾੜਾ ਹੋਵੇ,
ਸਦਾ ਹੀ ਚੌਕੰਨੀਆਂ ਰਹਿਣ ਅੱਖੀਆਂ,
ਵੇਖ ਵੇਖ ਸਮਝ ਹੀ ਲੈਣ ਅੱਖੀਆਂ.......

ਉਮਰ ਹੋਵੇ ਅੱਲੜ੍ਹ, ਜਾਂ ਜਵਾਨੀ ਵਾਲਾ ਜ਼ੋਰ ਹੋਵੇ
ਸੋਚਾਂ ਵਿੱਚ ਡੁੱਬਿਆ, ਚੜ੍ਹੀ ਇਸ਼ਕ ਦੀ ਲੋਰ ਹੋਵੇ
ਫੇਰ ਗੱਲਾਂ ਜੋੜ-ਜੋੜ ਕਹਿਣ ਅੱਖੀਆਂ
ਸਦਾ ਹੀ.......

ਐਧਰ ਓਧਰ ਇਕੱਠ ਜਾਂ ਕੋਈ ਮੇਲਾ ਹੋਵੇ
ਤੇਰੇ ਮੇਰੇ ਵਰਗਾ, ਬੰਦਾ ਜਮਾਂ ਵਿਹਲਾ ਹੋਵੇ
ਸੋਹਣਾ ਕੋਈ ਦੇਖਕੇ ਢਹਿਣ ਅੱਖੀਆਂ
ਸਦਾ ਹੀ.......

ਅਫ਼ਸੋਸ ਕਿਸੇ ਦਾ ਚਾਹੇ ਰੋਸ ਹੋਵੇ ਕਿਸੇ ਦਾ

ਖਾਰਿਆਂ ਨੇ ਵਹਿਣਾ ਚਾਹੇ ਦੋਸ਼ ਹੋਵੇ ਕਿਸੇ ਦਾ

ਖਾਰੇ ਨਾਲ ਪੰਗੇ ਲੈਣ ਅੱਖੀਆਂ

ਸਦਾ ਹੀ ਚੌਕੰਨੀਆਂ ਰਹਿਣ ਅੱਖੀਆਂ,

ਵੇਖ ਕੇ ਹੀ ਸਮਝ ਲੈਣ ਅੱਖੀਆਂ...

# 3. ਇਸ਼ਕ ਤਸਵੀਰ



ਇਸ਼ਕ ਦੀਏ ਤਸਵੀਰੇ, ਲਾਇਆ ਜ਼ੋਰ ਬਥੇਰਾ ਨੀ
ਸਾਰੇ ਬਜ਼ਾਰ 'ਚ ਘੁੰਮਿਆ, ਕੋਈ ਗਾਹਕ ਨਾ ਤੇਰਾ ਨੀ।
ਇਸ਼ਕ ਦੀਏ ਤਸਵੀਰੇ, ਕਿੱਥੇ ਗਈਆਂ ਹੀਰਾਂ ਨੀ
ਦਿਲ ਤਾਂ ਮਿਲ ਗਏ ਸੀ, ਨਾ ਮਿਲੀਆਂ ਤਕਦੀਰਾਂ ਨੀ।
ਇਸ਼ਕ ਦੀਏ ਤਸਵੀਰੇ, ਲਾਇਆ ਰੋਗ ਅਵੱਲਾ ਨੀ
ਗਲ਼ ਵਿੱਚ ਪਾਈ ਗਾਨੀ, ਪਾਇਆ ਚੀਚੀ ਛੱਲਾ ਨੀ।
ਇਸ਼ਕ ਦੀਏ ਤਸਵੀਰੇ, ਯਾਦ ਕਰ ਓਹੋ ਬਾਤਾਂ ਨੀ
ਦਿਨ ਤਾਂ ਲੰਘ ਜਾਂਦੇ, ਔਖੀਆਂ ਲੰਘਦੀਆਂ ਰਾਤਾਂ ਨੀ।
ਇਸ਼ਕ ਦੀਏ ਤਸਵੀਰੇ, ਲੋਕੀ ਕਹਿੰਦੇ ਲੁੱਟ ਲਵਾਂਗੇ
ਦੁਨੀਆਂ ਨੇ ਬੋਲ ਦੇਣਾ, ਕੀਹਦੇ ਮੂੰਹ ਨੂੰ ਘੁੱਟ ਲਵਾਂਗੇ।

ਇਸ਼ਕ ਦੀਏ ਤਸਵੀਰੇ, ਕੋਈ ਫ਼ਰਕ ਨਾ ਪੈਣਾ ਨੀ
ਚਲੋ-ਚਲੀ ਦਾ ਮੇਲਾ, ਕੱਲ੍ਹ ਕਿਸੇ ਨੇ ਵੀ ਰਹਿਣਾ ਨੀ।
ਇਸ਼ਕ ਦੀਏ ਤਸਵੀਰੇ, ਰੇਤੇ ਵਿੱਚ ਲੀਕਾਂ ਨੀ
ਦੁਨੀਆਂ ਲਈ ਹਾਸੇ ਨੇ, ਆਸ਼ਕਾਂ ਦੀਆਂ ਚੀਕਾਂ ਨੇ।
ਇਸ਼ਕ ਦੀਏ ਤਸਵੀਰੇ, ਰੱਖੀਂ ਚੇਤੇ ਚੱਕਰਾਂ ਨੂੰ
ਫ਼ਕੀਰ ਰੱਬ ਨੂੰ ਤਰਸਣ, ਰੱਬ ਤਰਸੇ ਫ਼ੱਕਰਾਂ ਨੂੰ।
ਇਸ਼ਕ ਦੀਏ ਤਸਵੀਰੇ, ਸੌਦੇ ਮਹਿੰਗੇ ਪੈ ਗਏ ਨੇ
ਰੁਕ ਗਏ ਆਉਂਦੇ ਸੀ, ਹਰਫ਼ ਵਿਚਾਲੇ ਰਹਿ ਗਏ ਨੇ।

# ੫. ਸਾਰੀ ਜ਼ਿੰਦਗੀ



ਕੁਝ ਖ਼ੁਦ ਲਈ ਤੇ ਕੁਝ ਦੂਜਿਆਂ ਲਈ ਜਿਊਂਦੇ ਸਾਰੀ ਜ਼ਿੰਦਗੀ
ਕੁਝ ਨਾਂ ਸੱਜਣ ਦਾ ਤੇ ਕੁਝ ਰੱਬ ਦਾ ਧਿਆਉਂਦੇ ਸਾਰੀ ਜ਼ਿੰਦਗੀ
ਕਈ ਰਹਿਣ ਸਿੱਖਦੇ ਤੇ ਕਈ ਰਹਿਣ ਸਖਾਉਂਦੇ ਸਾਰੀ ਜ਼ਿੰਦਗੀ
ਕੁਝ ਰਹਿਣ ਰੁੱਸੇ ਤੇ ਕੁਝ ਰਹਿਣ ਮਨਾਉਂਦੇ ਸਾਰੀ ਜ਼ਿੰਦਗੀ
ਕਈ ਘੁੱਟ ਵੀ ਨੀ ਪੁੱਛਦੇ, ਕਈ ਰਹਿਣ ਪਿਆਉਂਦੇ ਸਾਰੀ ਜ਼ਿੰਦਗੀ
ਕਈ ਏਥੇ ਓਥੇ ਉਂਗਲਾਂ ਲਾ ਲਾ ਕੇ ਰਹਿਣ ਲੜਾਉਂਦੇ ਸਾਰੀ ਜ਼ਿੰਦਗੀ
ਕਈ ਕਿਤਾਬਾਂ 'ਚੋਂ, ਕਈ ਨੈਣਾਂ 'ਚੋਂ ਰਹਿਣ ਪੜ੍ਹਾਉਂਦੇ ਸਾਰੀ ਜ਼ਿੰਦਗੀ
ਕੋਈ ਸ਼ੌਹਰਤ ਲਈ, ਪੈਸੇ ਲਈ, ਕਈ ਵੈਸੇ ਹੀ ਰਹਿਣ ਗਾਉਂਦੇ ਸਾਰੀ ਜ਼ਿੰਦਗੀ
ਕਈ ਰਹਿਣ ਸੰਗਦੇ, ਨੀਵੀਂ ਜਿਹੀ ਪਾਈ ਰਹਿੰਦੇ ਸ਼ਰਮਾਉਂਦੇ ਸਾਰੀ ਜ਼ਿੰਦਗੀ
ਕਈ ਵਢਾਉਣ 'ਚ ਮਾਣ ਸਮਝਣ, ਸਿਰ ਨਾ ਝੁਕਾਉਂਦੇ ਸਾਰੀ ਜ਼ਿੰਦਗੀ

ਕਈ ਦੀ ਆਦਤ, ਸੁਖ ਨਾਲ, ਰਹਿਣ ਹਸਾਉਂਦੇ ਸਾਰੀ ਜ਼ਿੰਦਗੀ
ਕੀ ਕਰੇ ਓਹਨਾਂ ਦਾ ਜੋ ਰੋਣ ਤੇ ਰਹਿਣ ਰਵਾਉਂਦੇ ਸਾਰੀ ਜ਼ਿੰਦਗੀ
ਓਹ ਵੀ ਨੇ ਜੋ ਗਾਲ਼ਾਂ ਸੁਣ ਕੇ ਵੀ ਰਹਿਣ ਮੁਸਕਰਾਉਂਦੇ ਸਾਰੀ ਜ਼ਿੰਦਗੀ
ਕਈ ਅੜਬ ਹੁੰਦੇ ਨੇ, 'ਓਏ' ਨਾ ਕਹਾਉਂਦੇ ਸਾਰੀ ਜ਼ਿੰਦਗੀ
ਕਈ ਦੂਜਿਆਂ ਦੇ ਰਾਹਾਂ 'ਚ ਰੋਕਾਂ ਲਾ ਕੇ, ਖੜਾਉਂਦੇ ਸਾਰੀ ਜ਼ਿੰਦਗੀ
ਕਈ ਦੂਜਿਆਂ ਦੀ ਖੁਸ਼ੀ 'ਚ ਆਪਣਾ ਮਾਸ ਖਵਾਉਂਦੇ ਸਾਰੀ ਜ਼ਿੰਦਗੀ
ਕਈ ਦਾ ਪੇਸ਼ਾ ਏ, ਉਹ ਲੋਕਾਂ ਨੂੰ ਗੱਡੀ ਚੜ੍ਹਾਉਂਦੇ ਸਾਰੀ ਜ਼ਿੰਦਗੀ
ਕਈ ਅਜੇਹੇ ਵੀ ਹੁੰਦੇ ਜੋ ਲੋਕਾਂ ਨੂੰ ਰਹਿਣ ਮਿਲਾਉਂਦੇ ਸਾਰੀ ਜ਼ਿੰਦਗੀ
ਕਈਆਂ ਨੂੰ ਕੋਈ ਸੁਣੇ ਨਾ, ਚੀਕਾਂ ਮਾਰ ਰਹਿਣ ਬਲਾਉਂਦੇ ਸਾਰੀ ਜ਼ਿੰਦਗੀ
ਕਈਆਂ ਅੰਬਰੀਂ ਉੱਡਦਿਆਂ ਨੂੰ, ਥੱਲੇ ਬਿਠਾਉਂਦੇ ਸਾਰੀ ਜ਼ਿੰਦਗੀ
ਕਈ ਗਰੀਬਾਂ ਨੂੰ ਮਸੂਮਾਂ ਨੂੰ, ਰਹਿਣ ਉਠਾਉਂਦੇ ਸਾਰੀ ਜ਼ਿੰਦਗੀ
ਕਈ ਰੋਹਬ ਵਜੋਂ, ਕਈ ਸ਼ੁਗਲ ਵਜੋਂ ਰਹਿਣ ਡਰਾਉਂਦੇ ਸਾਰੀ ਜ਼ਿੰਦਗੀ
ਕਈਆਂ ਨੂੰ ਚੈਨ ਨਹੀਂ, ਤਾਂਹੀ ਰਹਿਣ ਸਤਾਉਂਦੇ ਸਾਰੀ ਜ਼ਿੰਦਗੀ
ਦੂਜਿਆਂ ਦੇ ਕੰਮ ਵਿੱਚ, ਤਾਈਓਂ ਟੰਗਾਂ ਰਹਿਣ ਫਸਾਉਂਦੇ ਸਾਰੀ ਜ਼ਿੰਦਗੀ
ਕਈ ਵਿੱਚ ਲਟਕਾਈ ਰੱਖਦੇ, ਲੋਕਾਂ ਨੂੰ ਰਹਿਣ ਤੜਪਾਉਂਦੇ ਸਾਰੀ ਜ਼ਿੰਦਗੀ
ਕਈ ਤਾਂ ਝੱਟ ਜੁਆਬ ਦੇ ਦਿੰਦੇ, ਕਈ ਲਾਰੇ ਲਾਉਂਦੇ ਸਾਰੀ ਜ਼ਿੰਦਗੀ
ਕਈ ਬਿਨ੍ਹਾਂ ਬੋਲੇ ਦੱਸ ਦਿੰਦੇ, ਮੇਰੇ ਵਰਗੇ ਕਲਮਾਂ ਤੋਂ ਲਿਖਾਉਂਦੇ ਸਾਰੀ ਜ਼ਿੰਦਗੀ

# 5. ਹੋਰ ਲਿਖਾਂ



ਮੇਰਾ ਜੀ ਕਰਦਾ ਮੈਂ ਹੋਰ ਲਿਖਾਂ
ਕਦੇ ਸੋਫ਼ੀ ਹੋ ਕੇ
ਕਦੇ ਵਿੱਚ ਚੜ੍ਹੀ ਹੋਈ ਲੋਰ ਲਿਖਾਂ
ਮੈਂ ਹੋਰ ਲਿਖਾਂ ਮੈਂ ਹੋਰ ਲਿਖਾਂ

ਲਿਖਣ ਨੂੰ ਭਾਵੇਂ ਬਾਹਲਾ ਕੁਸ਼ ਪਰ ਯਾਦ ਨਾ ਆਵੇ
ਬੇ ਤੁਕੀਆਂ ਗੱਲਾਂ ਲਿਖ ਕੇ ਕੋਈ ਸੁਆਦ ਨਾ ਆਵੇ
ਮੈਂ ਚਾਹੁੰਨਾ, ਸ਼ਿਵ ਪਾਤਰ ਵਾਂਗੂੰ ਮੈਂ ਵੀ ਦਿਖਾਂ
ਮੈਂ ਹੋਰ ਲਿਖਾਂ ਮੈਂ ਹੋਰ ਲਿਖਾਂ ....

ਕਦੇ ਬਚਪਨ, ਕਦੇ ਜਵਾਨੀ, ਕਦੇ ਬੁਢਾਪੇ ਬਾਰੇ
ਕਦੇ ਦੁਨੀਆਂ-ਦਾਰੀ ਬਾਰੇ, ਕਦੇ ਆਪੇ ਬਾਰੇ
ਹਵਾ ਲਿਖਾਂ, ਪਤੰਗ ਲਿਖਾਂ, ਕਦੇ ਡੋਰ ਲਿਖਾਂ
ਮੇਰਾ ਜੀ ਕਰਦਾ ਮੈਂ ਹੋਰ ਲਿਖਾਂ
ਮੈਂ ਹੋਰ ਲਿਖਾਂ.....

ਕਦੇ ਰੁੱਤ, ਕਦੇ ਕੁਦਰਤ, ਕਦੇ ਵਗਦੇ ਪਾਣੀਆਂ ਬਾਰੇ
ਕਦੇ ਰੁੱਖ, ਪੱਤੇ, ਫ਼ੁੱਲ ਬਾਰੇ ਤੇ ਕਦੇ ਟਾਹਣੀਆਂ ਬਾਰੇ
ਕਦੇ ਬੈਠੇ ਤੋਤੇ, ਮੈਨਾ, ਕਦੇ ਮੋਰ ਲਿਖਾਂ
ਮੈਂ ਹੋਰ ਲਿਖਾਂ ਮੈਂ ਹੋਰ ਲਿਖਾਂ.......

ਕਦੇ ਪਿਆਰ ਦੀਆਂ ਗੱਲਾਂ ਤੇ ਉਹ ਕਹਾਣੀਆਂ ਬਾਰੇ
ਕਦੇ ਬੁੱਲ੍ਹੇ, ਵਾਰਸ, ਆਸ਼ਕਾਂ ਦੇ ਹਾਣੀਆਂ ਬਾਰੇ
ਰੱਬ ਨੂੰ ਭਾਲਦਾ ਬੁੱਲ੍ਹਿਆਂ ਦਾ ਸ਼ੋਰ ਲਿਖਾਂ
ਮੈਂ ਹੋਰ ਲਿਖਾਂ......................

ਲਿਖਤਾਂ ਵਿੱਚ ਕੋਈ ਧਰਮ, ਕੋਈ ਸ਼ਰਮ ਨਹੀਂ
ਲਿਖਤਾਂ ਵਿੱਚ ਸਿਆਸਤ ਨਹੀਂ, ਰਿਆਸਤ ਨਹੀਂ
ਇਹਨਾਂ ਤੋਂ ਅੱਖਰ ਸੁੱਚੇ ਨੇ, ਇਹ ਉੱਚੇ ਨੇ
ਕਲਮ ਨੂੰ ਫੜ੍ਹਕੇ, ਉੱਤੇ ਵਰਕੇ ਜ਼ੋਰ ਲਿਖਾਂ
ਮੈਂ ਹੋਰ ਲਿਖਾਂ......................

# 6. ਕੀ?



2001, ਕੋਟਾ, ਰਾਜਸਥਾਨ ਵਿਖੇ ਲਿਖੀ ਹੋਈ ਪਹਿਲੀ ਲਿਖਤ। ਇਕ ਨੇੜਲੇ ਦੇ ਦੁਨੀਆਂ ਤੋਂ ਤੁਰ ਜਾਣ ਤੋਂ ਬਾਅਦ, ਮਨ 'ਚ ਉਤਾਰ ਚੜ੍ਹਾਅ ਲਿਖ ਦਿੱਤੇ। ਮਨ ਉਦਾਸ ਸੀ ਤੇ ਮਾਂ ਨੇ ਹੌਂਸਲਾ ਦੇ ਕੇ ਫੋਨ 'ਤੇ ਕਿਹਾ ਸੀ, 'ਚਕ-ਥਰ ਕਰਲੋ' (ਕਮਰਾ ਸਾਫ਼ ਕਰਨ ਨੂੰ) ਪਰ ਇਹ 'ਕੀ' ਚਲੀ ਗਿਆ ਤੇ ਲਿਖੀ ਗਿਆ।

ਕੀ ਜੋੜੀਏ ਕੀ ਤੋੜੀਏ, ਕੀ ਰੱਖੀਏ ਕੀ ਰੋੜ੍ਹੀਏ
ਕੀ ਰੋਈਏ ਕੀ ਹੱਸੀਏ, ਕੀ ਲਕੋਈਏ ਕੀ ਦੱਸੀਏ
ਕੀ ਆਉਣ ਹੈ ਕੀ ਜਾਣ ਹੈ, ਕੀ ਮੌਤ ਹੈ ਕੀ ਜਾਨ ਹੈ
ਕੀ ਭਰਾ ਹੈ ਕੀ ਭੈਣ ਹੈ, ਕੀ ਖੁਸ਼ੀ ਹੈ ਕੀ ਵੈਣ ਹੈ
ਕੀ ਚਲਣਾ ਹੈ ਕੀ ਰੁਕਣਾ ਹੈ, ਕੀ ਜੰਮਣਾ ਹੈ ਕੀ ਮੁਕਣਾ ਹੈ

ਕੀ ਹਾਸਾ ਹੈ ਕੀ ਰੋਣਾ ਹੈ, ਕੀ ਮਿਲਣਾ ਹੈ ਕੀ ਖੋਹਣਾ ਹੈ
ਕੀ ਅੱਜ ਹੈ ਕੀ ਕੱਲ੍ਹ ਹੈ, ਕੀ ਮੁਸੀਬਤ ਹੈ ਕੀ ਹੱਲ ਹੈ
ਕੀ ਦੋਸਤ ਹੈ ਕੀ ਯਾਰ ਹੈ, ਕੀ ਵਾਅਦਾ ਹੈ ਕੀ ਕਰਾਰ ਹੈ
ਕੀ ਆਰ ਹੈ ਕੀ ਪਾਰ ਹੈ, ਕੀ ਧੋਖਾ ਹੈ ਕੀ ਹਾਰ ਹੈ
ਕੀ ਕੰਮ ਹੈ ਕੀ ਵਪਾਰ ਹੈ, ਕੀ ਜਿੱਤ ਹੈ ਕੀ ਹਾਰ ਹੈ
ਕੀ ਅੱਗ ਹੈ ਕੀ ਪਾਣੀ ਹੈ, ਕੀ ਸਾਰ ਹੈ ਕੀ ਕਹਾਣੀ ਹੈ
ਕੀ ਠੰਡਾ ਹੈ ਕੀ ਗਰਮ ਹੈ, ਕੀ ਮਨੁੱਖ ਹੈ ਕੀ ਧਰਮ ਹੈ

ਕੀ ਨਿਰਾਸ਼ ਹੈ ਕੀ ਆਸ ਹੈ, ਕੀ ਆਮ ਹੈ ਕੀ ਖ਼ਾਸ ਹੈ
ਕੀ ਬੰਦ ਹੈ ਕੀ ਖੁਲ੍ਹ ਹੈ, ਕੀ ਠੀਕ ਹੈ ਕੀ ਭੁੱਲ ਹੈ
ਕੀ ਤਿਉਹਾਰ ਹੈ ਕੀ ਮੇਲੇ ਨੇ, ਕੀ ਖੇਤ ਨੇ ਕੀ ਬੇਲੇ ਨੇ
ਕੀ ਬੰਦ ਨੇ ਕੀ ਖੁਲ੍ਹੇ ਨੇ, ਕੀ ਠੀਕ ਨੇ ਕੀ ਭੁੱਲੇ ਨੇ
ਕੌਣ ਮੀਤ ਹੈ ਕੀ ਨੀਤ ਹੈ, ਕੀ ਹਾਰ ਹੈ ਕੀ ਜੀਤ ਹੈ
ਕੀ ਗੱਲ ਹੈ ਕੀ ਬਾਤ ਹੈ, ਕੀ ਦਿਨ ਹੈ ਕੀ ਰਾਤ ਹੈ
ਕੀ ਏਕਾ ਹੈ ਕੀ ਲੜਨਾ ਹੈ, ਕੀ ਲਿਖਣਾ ਹੈ ਕੀ ਪੜ੍ਹਨਾ ਹੈ
ਕੀ ਕਲਮ ਹੈ ਕੀ ਦਵਾਤ ਹੈ, ਜ਼ਿੰਦਗੀ ਦੋ ਦਿਨ ਦੋ ਰਾਤ ਹੈ
ਕੀ ਮੈਂ ਹਾਂ ਕੌਣ ਲਿਖਦਾ ਹੈ, ਕੀ ਹੈ ਤੇ ਕੀ ਦਿਖਦਾ ਹੈ
ਕੀ ਸ਼ੁਰੂ ਹੈ ਕੀ ਖ਼ਤਮ ਹੈ, ਇਹ ਜ਼ਿੰਦਗੀ ਦਾ ਯਤਨ ਹੈ।

# 7.ਖੋਲੀ ਪਿਟਾਰੀ



ਖੋਲੀ ਪਿਟਾਰੀ ਗੀਤਾਂ ਵਾਲੀ
ਕਈ ਸਮਾਜੀ ਰੀਤਾਂ ਵਾਲੀ
ਸੱਜਣਾਂ ਨਾਲ ਪ੍ਰੀਤਾਂ ਵਾਲੀ
ਖੋਲੀ ਪਿਟਾਰੀ ਗੀਤਾਂ ਵਾਲੀ

ਵੱਖ-ਵੱਖ ਸਾਰਿਆਂ ਦੇ ਰੰਗ ਨੇ
ਵੱਖ ਚੋਰੀ ਯਾਰੀ ਦੇ ਢੰਗ ਨੇ
ਕਈ ਤਾਂ ਅੱਗੇ ਵਧ ਗਏ
ਕਈ ਰੋਕ ਲਏ ਸੰਗ ਨੇ

ਕੋਈ ਮਿੱਤਰ ਤੇ ਮੀਤਾ ਵਾਲੀ
ਖੋਲੀ ਪਿਟਾਰੀ ਗੀਤਾਂ ਵਾਲੀ............

ਧਰਮਾਂ ਦੇ ਨਾਂ 'ਤੇ ਲੁੱਟਣ ਵਾਲੇ
ਜੇਬੋਂ ਕੱਢ ਕੇ ਸੁੱਟਣ ਵਾਲੇ
ਕਈ ਜ਼ੋਰ ਲਗਾ ਜੁੜਗੇ
ਕਈ ਮੱਲੋ ਮੱਲੀ ਪੁੱਟਣ ਵਾਲੇ,
ਬਸ ਮੱਥੇ ਦੀਆਂ ਲੀਕਾਂ ਵਾਲੀ
ਖੋਲੀ ਪਿਟਾਰੀ ਗੀਤਾਂ ਵਾਲੀ...

ਘਰ ਦੇ ਦੋ ਹੀ ਜੀਆਂ ਵਾਲੀ
ਖੁਸ਼ੀ ਸਾਓਣ 'ਚ ਤੀਆਂ ਵਾਲੀ
ਪਿਟਾਰੀ ਸਭ ਲਈ ਇਕ ਬਰਾਬਰ
ਨਾ ਪੁੱਤ ਨਾ ਧੀਆਂ ਵਾਲੀ
ਕਈ ਰੀਤਾਂ ਤੇ ਕੁਰੀਤਾਂ ਵਾਲੀ
ਖੋਲੀ ਪਿਟਾਰੀ ਗੀਤਾਂ ਵਾਲੀ.....

ਓਹਦੇ ਵੱਖਰੇ ਹੀ ਚੁਬਾਰੇ ਨੇ
ਸਭ ਮਿਲਦਾ ਨਾ ਕਿ ਲਾਰੇ ਨੇ
ਮੰਗਣ ਦੇ ਢੰਗ ਵੱਖਰੇ
ਕਈ ਮੰਦਰ ਕਈ 'ਦੁਆਰੇ ਨੇ
ਓਹੀ ਗੱਲ ਗਿਰਜੇ ਮਸੀਤਾਂ ਵਾਲੀ
ਖੋਲੀ ਪਿਟਾਰੀ ਗੀਤਾਂ ਵਾਲੀ.....

# ੪.ਗਹਿਰਾ ਸੁਪਨਾ



ਰਾਤੀ ਮੈਨੂੰ ਆ ਗਿਆ ਇਕ ਸੁਪਨਾ ਸੁਨਹਿਰੀ
ਦੋ ਕੁ ਵਜੇ ਸਨ ਰਾਤ ਦੇ, ਨੀਂਦ ਸੀ ਗਹਿਰੀ

ਬਾਗ਼ ਕਿਸੇ ਸਰਦਾਰ ਦੇ 'ਚ ਸੀ ਚਰਦੇ ਘੋੜੇ
ਅੰਬਾਂ ਉਪਰ ਬਹਿ ਬੋਲਦੇ ਕੋਇਲਾਂ ਦੇ ਜੋੜੇ
ਬਾਗ਼ ਦੁਆਲੇ ਲਗੀ 'ਵੀ ਤਾਰ ਸੀ ਕਹਿਰੀ
ਰਾਤੀ ਮੈਨੂੰ ਆ ਗਿਆ...............

ਥੱਲੋਂ ਦੀ ਮੈਂ ਲੰਘਣ ਲੱਗਿਆ ਤਾਰ ਨੂੰ ਫੜਕੇ
ਕੁੜਤਾ ਮੇਰਾ ਪਾਟ ਗਿਆ ਤਾਰ 'ਚ ਅੜਕੇ
ਕੁੜਤਾ ਮੇਰਾ ਛੱਡੇ ਨਾ ਤਾਰ ਹੋਈ ਵੈਰੀ
ਰਾਤੀ ਮੈਨੂੰ...............

ਅੱਗੇ ਬਟਨ ਮੈਂ ਖੋਲ ਕੇ ਕੁੜਤਾ ਲਾਹਇਆ
ਫੇਰ ਮਸਾਂ ਮੈਂ ਤਾਰ ਤੋਂ ਖਹਿੜਾ ਛੁਡਾਇਆ
LV ਦੀ ਸ਼ਰਟ ਮੇਰੀ ਬਣੀ ਐਰੀ ਗੈਰੀ
ਰਾਤੀ ਮੈਨੂੰ...............

ਹਾੜ੍ਹੀ ਤਾਂ ਵੱਢ ਲੀ ਬੀਜਣੀ ਸੀ ਸਾਉਣੀ
ਪਾਣੀ ਲਾਇਆ ਜ਼ਮੀਨ ਨੂੰ ਕੀਤੀ ਸੀ ਰਾਉਣੀ
ਪੈਰ ਵਟ ਤੋਂ ਤਿਲਕਿਆ ਮੈਂ ਮੁੰਡਾ ਸ਼ਹਿਰੀ
ਰਾਤੀ ਮੈਨੂੰ ਆ ਗਿਆ...............

ਡਰ ਮੇਰੇ ਦਿਲ ਦੇ ਸਾਰੇ ਸੱਚ ਹੋ ਗਏ
ਬੂਟ ਗਾਰੇ ਵਿੱਚ ਲਿਬੜ ਕੇ ਗੱਚ ਹੋ ਗਏ
ਪੈੱਨ ਗਾਰੇ ਵਿੱਚ ਡਿੱਗਿਆ ਨਾਲ ਡਿੱਗੀ ਡੈਰੀ
ਰਾਤੀ ਮੈਨੂੰ ਆ ਗਿਆ...............

ਮਸਾਂ ਹੀ ਮੈਂ ਪਹੁੰਚਿਆਂ ਅੰਬਾਂ ਦੇ ਥੱਲੇ
ਮੈਨੂੰ ਪੰਛੀ ਦੇਖ ਕੇ ਸਾਰੇ ਉੱਡ ਚੱਲੇ
ਅੰਬ ਕਿਸੇ ਦਾ ਪਤਾ ਨਾ ਕੀ ਲੰਗੜਾ ਦੁਸ਼ਹਿਰੀ
ਰਾਤੀ ਮੈਨੂੰ ਆ ਗਿਆ...............

ਕੱਠੇ ਕਰਨ ਲੱਗਿਆ ਮੈਂ ਚੱਕ ਕੇ ਰੋੜੇ
ਰੋੜੇ ਮਾਰ ਮਾਰ ਕੇ ਬਸ ਦੋ ਅੰਬ ਸੀ ਤੋੜੇ
ਰੋੜੇ ਵੱਜਣ 'ਤੇ ਕੂਕਣ ਲੱਗੇ ਮੋਰ ਕਲਿਹਰੀ
ਰਾਤੀ ਮੈਨੂੰ ਆ ਗਿਆ...............

ਪਿੱਛੋਂ ਮੇਰੇ ਡਾਂਗ ਆਈ ਮੌਰਾਂ 'ਤੇ ਖੜਕੀ
ਡਾਂਗ ਪਈ ਤੋਂ ਉੱਠਿਆ ਅੱਖ ਮੇਰੀ ਰੜਕੀ
ਮਾਲਕ ਖੜ੍ਹਾ ਮੂਹਰੇ ਤੇ ਪੂਰੀਆਂ ਅੱਖਾਂ ਜ਼ਹਿਰੀ
ਰਾਤੀ ਮੈਨੂੰ ਆ ਗਿਆ...............

ਸੁਪਨੇ ਦੇ ਮੇਰੇ ਦੇਖੋ ਸੀ ਪਾਟੇ ਕਪੜੇ
ਚੰਗੀ ਤਰ੍ਹਾਂ ਮੇਰੇ ਨਾਲੇ ਪਏ ਸੀ ਲਫੜੇ
ਨਾ ਅੰਬ ਖਾਵਾਂ ਡਰਦਾ ਨਾ ਖਾਵਾਂ ਚੈਰੀ
ਰਾਤੀ ਮੈਨੂੰ ਆ ਗਿਆ...............

# ੧. ਘਰੇ ਨੀਂਦ



ਘਰੇ ਨੀਂਦ ਵਰਗੀ ਨੀਂਦ, ਖਰੀਦ ਨੀ ਹੁੰਦੀ
ਨਿੱਤ ਨਿੱਤ ਚਾਅ, ਦਿਵਾਲੀ, ਈਦ ਨੀ ਹੁੰਦੀ
ਘਰੇ ਨੀਂਦ.......................

ਵਿਸ਼ਵਾਸ਼ ਭਰੋਸਾ ਤਿੜਕੇ ਇਕ ਵਾਰ ਬਹੁਤ ਐ
ਗੱਭਰੂ ਪੁੱਤ ਨੂੰ ਝਿੜਕੇ ਇਕ ਵਾਰ ਬਹੁਤ ਐ
ਬਾਹਲਾ ਬੋਲਕੇ ਬਾਹਲੇ ਦੀ ਉਮੀਦ ਨੀ ਹੁੰਦੀ
ਘਰੇ ਨੀਂਦ.......................

ਜ਼ਿੰਦਗੀ ਹੈ ਵਲ਼ ਵਲ਼ੇਵੇਂ ਆਉਂਦੇ ਹੀ ਰਹਿਣੇ ਐ
ਸਵਾਲ ਔਖੇ ਸੌਖੇ ਇਹਨੇ ਪਾਉਂਦੇ ਹੀ ਰਹਿਣੇ ਐ
ਜ਼ਿੰਦਗੀ ਦੇ ਰਾਹਾਂ ਦੀ ਸਿੱਧੀ ਸੀਦ ਨੀ ਹੁੰਦੀ
ਘਰੇ ਨੀਂਦ......................

ਯਾਰ ਓਹੋ ਜੋ ਅੰਦਰ ਰਹੇ ਬਾਹਰਲਾ ਨੀ
ਯਾਰ ਬਿਨ੍ਹਾਂ ਜਿੰਦੇ ਸਰਦੈ ਤਾਂ ਸਾਰਲਾ ਨੀ
ਕਾਹਦਾ ਯਾਰ ਜੀਹਦੀ ਅੱਖਾਂ ਬੰਦ ਦੀਦ ਨੀ ਹੁੰਦੀ
ਘਰੇ ਨੀਂਦ......................

# 10. ਇਸ਼ਕ ਦੀ A/B/C



ਇਸ਼ਕ ਦੀ A/B/C ਦਾ ਪੜ੍ਹਨਾ ਏ ਨਾ ਅਇਆ
ਆਸ਼ਕਾਂ ਨੂੰ ਕਦੇ ਪੜ੍ਹਨਾ ਅਲਫੋਂ ਬੇ ਨਾ ਆਇਆ
ਦਿਲ ਇਕ ਹੋਏ, ਚਾਰ ਹੋਈ ਗਿਣਤੀ ਨੈਣਾਂ ਦੀ
ਜੁੜਕੇ ਫੇਰ ਵੀ ਦੋ ਤੇ ਚਾਰ ਛੇ ਨਾ ਆਇਆ
ਇਸ਼ਕ ਦੀ A/B/C.........

ਸਭ ਤਾਣੇ ਬਾਣੀ ਉਲਝੇ ਨੇ ਖੈਰ ਹੋਵੇ
ਸ਼ਾਇਦ ਪੈੜਾਂ ਤੋਂ ਗਾਹਾਂ ਦੇਖਾਂ ਪੈਰ ਹੋਵੇ
ਝਾਂਗਰ ਡਿੱਗੀ ਜਦ ਰੇਤ ਫਰੋਲੀ ਹੱਥ ਮਾਰੇ
ਕੋਲ ਰੱਖੀ ਦਿਲ ਦੇ ਲਾ ਕੇ ਦੇ ਨਾ ਆਇਆ
ਇਸ਼ਕ ਦੀ A/B/C.............

ਕਈ ਸ਼ਹਿਰ ਬਦਲਦੇ ਰਹੇ ਕਦੀ ਜੰਗਲ ਬਦਲਗੇ
ਕਈ ਸੋਮਵਾਰ ਬਦਲੇ ਕਈ ਮੰਗਲ ਬਦਲਗੇ

ਭੁਲਿਆ ਹੋਣਾਂ ਤੈਨੂੰ ਕਦੇ, ਐਸਾ ਤਾਂ ਡੇ ਨਾ ਆਇਆ
ਇਸ਼ਕ ਦੀ A/B/C.............

ਰਾਹੀ ਬਦਲਦੇ ਰਹੇ ਤੇ ਰਸਤੇ ਬਦਲਦੇ ਰਹੇ
ਫੁੱਲ ਬਦਲਦੇ ਰਹੇ ਤੇ ਗੁਲਦਸਤੇ ਬਦਲਦੇ ਰਹੇ
ਕੀ ਲੈਣਾ ਸੋਹਣੀਆਂ ਰਾਹਾਂ ਤੋਂ,
ਜ਼ਿੰਦਗੀ 'ਚ ਸੱਜਣ ਜੇ ਨਾ ਆਇਆ
ਇਸ਼ਕ ਦੀ A/B/C.............

ਕੱਲੇ ਬਹਿ ਕੇ ਹੱਸਦੇ ਰਹੇ ਨਾਲ ਹਸਾਉਂਦੇ ਰਹੇ
ਇਕ ਦੂਜੇ ਨੂੰ ਜੀ ਕਹਿੰਦੇ ਰਹੇ ਤੇ ਕਹਾਉਂਦੇ ਰਹੇ
ਮੇਰੇ ਕਹਿਣ 'ਚ' ਕਦੇ 'ਨੀ' ਤੇਰੇ 'ਚ 'ਵੇ' ਨਾ ਆਇਆ
ਇਸ਼ਕ ਦੀ A/B/C.............

ਤੁਰ ਜਾਂਦੇ ਜਦ ਦੂਰ ਸੱਜਣ ਮੋੜਨੇ ਔਖੇ
ਸੁਪਨੇ ਸ਼ੀਸ਼ੇ ਦਿਲ ਰਿਸ਼ਤੇ ਜੋੜਨੇ ਔਖੇ
ਗਿਆ ਤਾਂ ਸੀ ਕੁਝ ਪਲ ਲਈ, ਮੁੜ ਕੇ ਨਾ ਆਇਆ
ਇਸ਼ਕ ਦੀ A/B/C.............

# 11. ਚੰਗਾ ਨੀ



ਛੋਟੀ ਉਮਰ 'ਚ ਮਾਪਿਆਂ ਤੋਂ ਬਿਨ੍ਹਾਂ ਕਿਸੇ ਦਾ ਪਿਆਰ ਚੰਗਾ ਨਹੀਂ
ਧੋਖਾ ਦੇਵੇ ਜੋ, ਮੱਕਾਰ ਹੁੰਦਾ, ਹੁੰਦਾ ਉਹ ਯਾਰ ਚੰਗਾ ਨਹੀਂ

ਇਕ ਵਾਰ ਧੋਖਾ ਦੇ ਜਾਵੇ, ਫੇਰ ਕਰਨਾ ਇਤਬਾਰ ਚੰਗਾ ਨਹੀਂ
ਆਪਣੀ ਰਫ਼ਤਾਰ ਰੱਖੋ ਕੈਮ ਸਦਾ, ਪਿਛਲੇ ਦਾ ਇੰਤਜ਼ਾਰ ਚੰਗਾ ਨਹੀਂ
ਸਾਂਭੂ ਕੌਣ ਦੇਖੂ ਕੌਣ ਘਰ ਨੂੰ, ਘਰ ਦਾ ਮੁਖੀ ਬਿਮਾਰ ਚੰਗਾ ਨਹੀਂ
ਚੰਗਾ ਹੈ ਪੁੱਤਰ ਕਮਾਊ ਹੋਵੇ, ਜੇ ਹੋਵੇ ਬੇਕਾਰ ਚੰਗਾ ਨਹੀਂ
ਮਾੜੇ ਨਾਲ ਮਾੜੀ ਹੁੰਦੀ ਏ, ਮਾੜੇ ਬੰਦਾ ਦਾ ਆਧਾਰ ਚੰਗਾ ਨਹੀਂ
ਸ਼ਰਾਬੀਆਂ ਨਾਲ ਕਰਦਾ ਉਧਾਰ ਜੋ, ਹੁੰਦਾ ਉਹ ਠੇਕੇਦਾਰ ਚੰਗਾ ਨਹੀਂ
ਸੌ ਚੜ੍ਹਿਆ ਹੀ ਸਮਝਾ ਦੇਵੇ, ਨਹੀਂ ਤਾਂ ਚੜ੍ਹਿਆ ਹਜ਼ਾਰ ਚੰਗਾ ਨਹੀਂ
ਸਿਆਣੇ ਕਹਿੰਦੇ ਕਿਸੇ ਵੀ ਚੀਜ਼ ਦਾ, ਬਹੁਤਾ ਕਰਨਾ ਹੰਕਾਰ ਚੰਗਾ ਨਹੀਂ
ਘਿਰਿਆ ਹੋਵੇ ਜਦੋਂ ਦੁਖਾਂ ਨਾਲ ਬੰਦਾ, ਲਗਦਾ ਫੇਰ ਸੰਸਾਰ ਚੰਗਾ ਨਹੀਂ
ਬੁੱਢੇ ਨੂੰ ਗਰਮ ਚੀਜ਼ ਪਚਦੀ, ਦੇਣਾ ਉਹਨੂੰ ਕੁਝ ਠੰਡਾ ਠਾਰ ਚੰਗਾ ਨਹੀਂ
ਰੋਟੀ ਖਾ ਕੇ ਪਿਛਲੀ ਉਮਰ ਵਿੱਚ, ਜੇ ਆਇਆ ਨਾ ਡਕਾਰ ਚੰਗਾ ਨਹੀਂ
ਜਿਹੜਾ ਸਿਰ ਚੜ੍ਹ-ਚੜ੍ਹ ਬੋਲਦਾ ਰਹੇ, ਕੀਤਾ ਐਸਾ ਉਧਾਰ ਚੰਗਾ ਨਹੀਂ
ਕਮਾਈ ਬਹੁਤ ਹੋਵੇ ਪਰ ਹੋਵੇ ਹਰਾਮ ਦੀ, ਕੀਤਾ ਐਸਾ ਵਪਾਰ ਚੰਗਾ ਨਹੀਂ

ਅਮਲੀ ਦਾ ਡੱਬੀ 'ਚੋਂ ਮੱਕ ਜਾਣਾ, ਮਾਲ ਚੰਗਾ ਨਹੀਂ
ਕਹਿੰਦੇ ਬੁੱਢਿਆਂ ਨੂੰ ਤੰਗ ਕਰਦਾ, ਹੁੰਦਾ ਸਿਆਲ ਚੰਗਾ ਨਹੀਂ
ਕਲੈਰੀ ਮੋਰ ਸੱਪ ਲਈ ਤੇ ਮੱਛੀਆਂ ਲਈ ਹੁੰਦਾ ਜਾਲ ਚੰਗਾ ਨਹੀਂ
ਮਾੜਾ ਕਰਨ ਲਈ ਆ ਗਿਆ, ਹੁੰਦਾ ਉਹ ਖਿਆਲ ਚੰਗਾ ਨਹੀਂ
ਅੱਖ ਵਿੱਚ ਰੜਕੇ ਦੁਸ਼ਮਣ ਜਾਂ ਸਾਰਾ ਦਿਨ ਵਾਲ ਚੰਗਾ ਨਹੀਂ
ਸਿਆਣੇ ਕਹਿੰਦੇ ਮਸ਼ੀਨ ਸੰਦ ਤੇ ਜਿੰਦਰੇ ਨੂੰ ਜੰਗਾਲ ਚੰਗਾ ਨਹੀਂ
ਔਲਾਦ ਉੱਚਾ ਰੱਖੇ ਮਾਪਿਆਂ ਦਾ ਸਿਰ, ਝੁਕੇ ਸ਼ਰਮ ਨਾਲ ਚੰਗਾ ਨਹੀਂ
ਰਾਜਾ ਮਰ ਹੀ ਜਾਵੇ, ਪਰ ਜੇ ਹੋ ਜਾਵੇ ਕਿਤੇ ਕੰਗਾਲ ਚੰਗਾ ਨਹੀਂ

ਡਾਕਟਰ ਤੇ ਹਕੀਮ ਕੋਲੋਂ ਕੀਤੀ ਸੰਗ ਚੰਗੀ ਨਹੀਂ
ਸਿਆਣੇ ਕਹਿੰਦੇ ਚੋਰ ਨੂੰ ਲੱਗ ਜਾਵੇ ਖੰਘ ਚੰਗੀ ਨਹੀਂ
ਸ਼ੌਕੀਨਾਂ ਦੇ ਪਾਈ ਹੋਵੇ ਪੈਰੀਂ ਜੁੱਤੀ ਤੰਗ ਚੰਗੀ ਨਹੀਂ
ਬਾਅਦ ਵਿੱਚ ਲਹਿੰਦੀ ਨਹੀਂ, ਤਾਂਹੀ ਭੀੜੀ ਵੰਗ ਚੰਗੀ ਨਹੀਂ
ਸੱਚ ਨੂੰ ਦਬਾਉਣ ਲਈ ਕੀਤੀ, ਹੁੰਦੀ ਓਹ ਜੰਗ ਚੰਗੀ ਨਹੀਂ
ਮਾਣਦੇ ਰਹੋ ਦੁਨੀਆਂ ਰੰਗੀਲੀ, ਦੁਨੀਆਂ ਬੇਰੰਗ ਚੰਗੀ ਨਹੀਂ
ਜਿਦ ਵਿੱਚ ਹੋਵੇ, ਕੀਤੀ ਓਹ ਐਸੀ ਮੰਗ ਚੰਗੀ ਨਹੀਂ

# 12. ਛੱਡ ਦੇ ਲਿਖਣਾ



ਲੋਕ ਕਹਿੰਦੇ 'ਛੱਡ ਦੇ ਤੂੰ ਲਿਖਣਾ ਲੁਖਣਾ
ਇਹਨਾਂ ਲਿਖਤਾਂ ਤੈਨੂੰ ਕੀ ਦੇਣਾ
ਜੇ ਸਲਾਅ ਵੀ ਗਏ ਤੈਨੂੰ ਸਾਰੇ
ਇਹਨਾਂ ਸਿਫ਼ਤਾਂ ਤੈਨੂੰ ਕੀ ਦੇਣਾ
ਲੱਭ ਕੇ ਕੋਈ ਕੰਮ ਕਰ ਲੈ
ਇਹਨਾਂ ਕਲਮਾਂ ਤੈਨੂੰ ਕੀ ਦੇਣਾ
ਫੱਟ ਭਰਦੇ ਨੇ ਸਮਿਆਂ ਨਾਲ
ਇਹਨਾਂ ਮੱਲ੍ਹਮਾਂ ਤੈਨੂੰ ਕੀ ਦੇਣਾ।

ਜਿੰਨਾਂ ਦੀ ਤੂੰ ਨਿੰਦਿਆਂ ਕਰਦੈ
ਇਹਨਾਂ ਲੋਕਾਂ ਤੈਨੂੰ ਕੀ ਦੇਣਾ
ਜਾਣਦੀਆਂ ਨੇ ਲਹੂ ਚੂਸਣਾ
ਇਹਨਾਂ ਜੋਕਾਂ ਤੈਨੂੰ ਕੀ ਦੇਣਾ
ਧੋਖੇਬਾਜ਼ ਤੇ ਦਗਾਬਾਜ਼ ਨਿਕਲੇ
ਓਹਨਾਂ ਮਿੱਤਰਾਂ ਤੈਨੂੰ ਕੀ ਦੇਣਾ

ਕੰਮ ਕੱਢ ਕੇ ਫੁਰ ਹੋ ਜਾਣੇ
ਇਹਨਾਂ ਤਿੱਤਰਾਂ ਤੈਨੂੰ ਕੀ ਦੇਣਾ

ਜਦੋਂ ਢਲੀ ਜਵਾਨੀ ਕਿਹੜੇ ਜਾਨੀ
ਓਹ ਹਾਣੀਆਂ ਤੈਨੂੰ ਕੀ ਦੇਣਾ
ਹਰੀਆਂ ਹੁੰਦੀਆਂ ਮੰਨ ਵੀ ਲੈਂਦੇ
ਸੁੱਕੀਆਂ ਟਾਹਣੀਆਂ ਤੈਨੂੰ ਕੀ ਦੇਣਾ
ਤੇਰੇ ਗਾਣਿਆਂ 'ਚ ਕਵਿਤਾਵਾਂ ਵਿੱਚ
ਰਾਜੇ ਰਾਣੀਆਂ ਤੈਨੂੰ ਕੀ ਦੇਣਾ
ਜਿਹੜੀਆਂ ਬਹਿ ਕੇ ਘੜ੍ਹਨਾ ਏ
ਇਹਨਾਂ ਕਹਾਣੀਆਂ ਤੈਨੂੰ ਕੀ ਦੇਣਾ?'

ਮੈਂ ਕਹਿਨਾ, "ਭਾਵੇਂ ਇਹਨਾਂ ਤੋਂ ਮੈਂ ਕੁਛ ਵੀ ਲੈਣਾ ਨਹੀਂ
ਕਿਉਂ ਲਿਖਦਾਂ? ਮੈਂ ਦਸਣਾ ਤੇ ਕਹਿਣਾ ਨਹੀਂ
ਜੋ ਜੁੜ ਗਿਆ ਮੇਰਾ ਹੁਣ ਲਿਖਤਾਂ ਨਾਲ
ਨਹੀਂ ਲਹਿਣਾ, ਕਿਸੇ ਦੀ ਨਿਦਿਆ ਸਿਫ਼ਤਾਂ ਨਾਲ

ਜੁਆਬ ਦੇਣਾਂ ਦੁਨੀਆਂ ਨੂੰ, ਮੇਰੇ 'ਤੇ ਕੋਈ ਕਰਜ਼ ਨਹੀਂ
ਕੀ ਲਿਖਣਾ ਕੀ ਚੰਗਾ ਮਾੜਾ, ਕਿਤੇ ਵੀ ਕੁਛ ਵੀ ਦਰਜ ਨਹੀਂ

ਵਿਹਲੇ ਚੁਗਲੀਆਂ ਨਾਲੋਂ, ਲਿਖ 'ਦਵਾਂ ਕੋਈ ਹਰਜ਼ ਨਹੀਂ

ਨਾ ਜੋਤਸ਼ ਨਾ ਪੰਡਤ ਕੋਈ ਨਾ ਗਿਆਨੀ ਬੁੱਧੀਮਾਨ
ਲਿਖਤਾਂ ਰਾਹੀਂ ਕੱਢਦਾ ਹਾਂ, ਦੱਬੇ ਅੰਦਰ ਪਏ ਅਰਮਾਨ
ਕਦੇ ਦਿਮਾਗ ਇਕ ਪਾਸੇ ਹੋਵੇ, ਕਦੇ ਦਿਲ ਹੋਏ ਬੇਇਮਾਨ
ਰਜਬ ਅਲੀ ਵਾਂਗੂ ਲਿਖਣਾ ਚਾਹੁੰਦਾ, ਪਰ ਜੋ ਲਿਖਿਆ ਕਰੋ ਪਰਵਾਨ"

# 13. ਜ਼ਿੰਦਗੀ



ਵਹਿੰਦਾ ਹੋਇਆ ਪਾਣੀ ਇਹ ਜ਼ਿੰਦਗੀ
ਪਾਣੀ ਵਿੱਚ ਮਧਾਣੀ ਇਹ ਜ਼ਿੰਦਗੀ
ਕਈਆਂ ਲਈ ਪਟਰਾਣੀ ਇਹ ਜ਼ਿੰਦਗੀ
ਵਿਰਲਿਆਂ ਨੇ ਹੀ ਮਾਣੀ ਇਹ ਜ਼ਿੰਦਗੀ
ਜੇ ਜਿਓਂ ਨਾ ਐਵੇ ਜਾਣੀ ਇਹ ਜ਼ਿੰਦਗੀ
ਅੱਜ ਤਾਂ ਲਗਦੀ ਨਵੀਂ
ਕੱਲ੍ਹ ਨੂੰ ਪੁਰਾਣੀ ਇਹ ਜ਼ਿੰਦਗੀ

ਜੰਮਣ ਵੇਲੇ ਰੋਨੇ ਆਂ, ਬਾਕੀ ਸਾਰੇ ਹੱਸਦੇ ਨੇ
ਜਾਂਦੀ ਵਾਰੀ ਉਲਟਾ ਹੁੰਦਾ, ਸਿਆਣੇ ਦੱਸਦੇ ਨੇ
ਜਿਓਂ ਲੋ ਪੂਰੀ ਰੱਜ ਕੇ
ਨਾਲ ਨਹੀਂ ਲਜਾਣੀ ਇਹ ਜ਼ਿੰਦਗੀ
ਵਹਿੰਦਾ ਹੋਇਆ ਪਾਣੀ....................

ਕਈ ਕਹਿੰਦੇ ਰੱਬ ਦੇਖਣਾ, ਸਾਨੂੰ ਇਹ ਕੁਦਰਤ ਮਿਲੇ
ਪਰ ਖ਼ੁਦ ਨੂੰ ਕਦੇ ਤਾਂ, ਸ਼ਿਕਾਇਤਾਂ ਤੋਂ ਫ਼ੁਰਸਤ ਮਿਲੇ

ਕੋਈ ਆਵੇ ਦੇ ਜਾਵੇ
ਓਹਨਾਂ ਲਈ ਕਾਣੀ ਇਹ ਜ਼ਿੰਦਗੀ
ਵਹਿੰਦਾ ਹੋਇਆ ਪਾਣੀ...........

ਕੋਈ ਯਾਦ ਕਰਨ ਓਹਨੂੰ, ਜੀਹਦੀ ਰਹਿਮਤ ਐ
ਵਿਰਲੇ ਹੀ ਮੇਰੀ ਏਸ ਗੱਲ ਨਾਲ ਸਹਿਮਤ ਐ
ਖੋਜ ਹੈ ਸ਼ਬਦ ਮੇਂ
ਜਿੰਨ੍ਹਾਂ ਲਈ ਬਾਣੀ ਇਹ ਜ਼ਿੰਦਗੀ
ਵਹਿੰਦਾ ਹੋਇਆ ਪਾਣੀ..............

ਕੁਝ ਨੇ ਕੰਮਾਂ ਨਾਲ ਕੁਝ ਕਾਰਾਂ ਨਾਲ
ਜ਼ਿੰਦਗੀ ਦੇ ਕੰਮ ਧੰਦੇ ਤੇ ਵਪਾਰਾਂ ਨਾਲ
ਕਈਆਂ ਨੇ ਜਿੱਤ ਨਾਲ ਕੁਝ ਹਾਰਾਂ ਨਾਲ
ਕੁਝ ਨੇ ਪਿਆਰਾਂ, ਯਾਰਾਂ ਤਕਰਾਰਾਂ ਨਾਲ
ਮੈਂ ਗਾ ਕੇ ਗੀਤਾਂ
ਨਾਲ ਸਜਾਣੀ ਇਹ ਜ਼ਿੰਦਗੀ
ਵਹਿੰਦਾ ਹੋਇਆ ਪਾਣੀ............

# 14. ਝੁੰਡ



ਝੁੰਡ 'ਚ ਚਲਦੇ ਲੋਕਾਂ ਦੇ ਚਿਹਰੇ ਨੀ ਹੁੰਦੇ
ਬਹੁਤਿਆਂ ਦੇ ਇਹਨਾਂ 'ਚੋਂ ਜੇਰੇ ਨਹੀਂ ਹੁੰਦੇ
ਵੈਰ ਦਿਲੋਂ ਨਾ ਭੁਲਦੇ ਜੱਟ ਸਾਨ੍ਹ ਤੇ ਬੋਤੇ
ਮਾੜੀ ਸੋਚ ਨਾਲ ਬਣ ਜਾਂਦੇ ਘੋੜੇ ਵੀ ਖੋਤੇ....

ਸੁਭਾਹ ਆਪੋ ਆਪਣਾ, ਮੱਝ ਰਿੰਗਦੀ ਗਾਂ ਰੰਭਦੀ
ਸ਼ੇਰ ਦੀ ਦਹਾੜ ਸੁਣ ਕੇ ਜਿਓਂ ਰੂਹ ਵੀ ਕੰਬਦੀ
ਕਦੇ ਮੋਰ ਨੇ ਕੂਕਦੇ ਤੇ ਕਿਤੇ ਬੋਲਦੇ ਤੋਤੇ
ਕੋਇਲ ਗਾਣਾ ਗਾਉਣ ਲੱਗੀ ਭਾਲੇ ਨਾ ਸਰੋਤੇ

ਸਿਆਣੇ ਬਜ਼ੁਰਗ ਸੀ ਜਾਣਦੇ ਕੌਣ ਕੀਹਦਾ ਲਾਣਾ
ਕਿਹੜਾ ਉੱਚਾ ਨੀਵਾਂ ਤੇ ਕਿਹੜਾ ਉੱਚ ਘਰਾਣਾ
ਤੁਰੇ ਜਾਂਦੇ ਦੱਸ ਦਿੰਦੇ ਇਹ ਕੀਹਦੇ ਪੋਤੇ
ਮੂੰਹ ਮੁਹਾਂਦਰਾ ਨਾਨਕਾ ਪੁੱਛ ਦਸਦੇ ਕੀਹਦੇ ਦੋਹਤੇ
ਸੋਚ ਵੀ ਹੋਈ ਤੇ ਨਾਲ system ਵੀ ਗੰਦਲਾ
ਕਿਤੇ ਯਾਦਾਂ ਵਿੱਚ ਨਾ ਰਹਿ ਜੇ ਪੰਜਾਬ ਰੰਗਲਾ

ਚੌਕੰਨੇ ਰਹਿਨਾ ਭਾਈ, ਨਾ ਰਹਿਨਾ ਸੋਤੇ, ਨਾ ਰਹਿਨਾ ਰੋਤੇ
ਝੁੰਡ ਮੇ ਚਲਤੇ ਲੋਗੋ ਕੇ ਚਿਹਰੇ ਨੀ ਹੋਤੇ

ਬੱਚਿਆਂ ਦੀ ਖੇਡ ਨਾ ਏਹੇ, ਨਾ ਖੇਡ ਪਤੰਗਾਂ ਦੀ
ਕਾਬਜ ਹੋਣ ਨੂੰ ਫਿਰਦੀ ਐਥੇ ਡਾਰ ਨੰਗਾਂ ਦੀ
ਟੁੱਟੀ ਤਲਾਮ ਠੀਕ ਕਰ ਫੇਰ ਦੇਈਏ ਗੋਤੇ
ਦੱਸਦਾਂਗੇ ਫੇਰ ਕੀਹਦੇ ਪੁੱਤ ਆਂ ਤੇ ਕੀਹਦੇ ਪੋਤੇ

# 15. ਇਸ਼ਕ ਰਹਿਮਤ



ਇਸ਼ਕ ਨੇ ਰਹਿਮਤ ਕੀਤੀ ਅਸੀਂ ਲਿਖਣ ਲੱਗ ਪਏ
ਅੱਖਾਂ ਬੰਦ ਕਰਕੇ ਸਾਨੂੰ ਯਾਰ ਦਿਸਣ ਲੱਗ ਪਏ
ਇਸ਼ਕ ਨੇ ਰਹਿਮਤ.......

ਤੁਰੇ ਫਿਰਦੇ ਅਸੀਂ ਦੁਆ ਕਰਦੇ ਰਹਿੰਦੇ ਸੀ
ਓਹ ਨਹੀਂ ਮਿਲਣਾ ਦੁਨੀਆਂ ਵਾਲੇ ਕਹਿੰਦੇ ਸੀ
ਜੁਆਬ ਨੀ ਦਿੱਤਾ ਕਿਸੇ ਨੂੰ
ਐਵੇ ਹੁਣ ਸਾਰੇ ਮੇਰੇ 'ਤੇ ਖਿਝਣ ਲੱਗ ਪਏ
ਇਸ਼ਕ ਨੇ ਰਹਿਮਤ.......

ਅੱਗ ਨੂੰ ਸੋਚਦਾ ਮੈਂ ਪਾਣੀ ਲਿਖ ਬੈਠਾ
ਦਿਲਬਰ-ਜਾਨੀ ਦੀ ਸੱਚੀ ਕਹਾਣੀ ਲਿਖ ਬੈਠਾ

ਹੌਲੀ ਹੌਲੀ ਓਹਨੇ ਦਿੱਤੀਆਂ ਮੱਤਾਂ
ਤੇ ਅਸੀਂ ਨਵਾਂ ਸਿੱਖਣ ਲੱਗ ਪਏ
ਇਸ਼ਕ ਨੇ ਰਹਿਮਤ.......

ਲਗਦਾ ਏ  ਜਿਓਣ ਦਾ ਚੱਜ ਆ ਗਿਆ
ਓਹਨੂੰ ਵੇਖ ਲਗਦਾ ਨੇੜੇ ਹੱਜ ਆ ਗਿਆ
ਜਦੋਂ ਦੁਨੀਆਂ ਨੂੰ ਪਤਾ ਲੱਗਾ
ਮੇਰੇ ਰਾਹੀਂ ਪਾਉਣ ਬਿਘਨ ਲੱਗ ਪਏ
ਇਸ਼ਕ ਨੇ ਰਹਿਮਤ.......

ਲਿਖਦਾ ਲਿਖਦਾ ਮਿੱਟੀ ਤੋਂ 'ਜਸਤੇਜ' ਹੋਇਆ
ਵਕਤ ਜ਼ਮਾਨਾ ਕਦੇ ਹੌਲੀ ਨਾ ਤੇਜ਼ ਹੋਇਆ
ਇਸ਼ਕ ਕੜ੍ਹਾਹੀ ਚੜ੍ਹੀ ਸੀ ਚੁੱਲ੍ਹੇ
ਏਸੇ 'ਚ ਅਸੀਂ ਫੇਰ ਰਿਝਣ ਲੱਗ ਪਏ
ਇਸ਼ਕ ਨੇ ਰਹਿਮਤ.......

# 16. ਟੇਢਾ ਟੇਢਾ



ਇਕ ਜਵਾਨੀ ਦੂਜਾ ਧਨ ਪੱਲੇ
ਬਾਈ ਬੰਦਾ ਟੇਢਾ ਟੇਢਾ ਚੱਲੇ....

ਮਿਲੇ ਹਾਣੀ ਨੂੰ ਹਾਣੀ
King ਨੂੰ ਸੋਹਣੀ ਰਾਣੀ
ਚੱਲ ਪਵੇ ਓਦੋਂ ਕਹਾਣੀ
ਫਸਦੇ King Queen ਕਲੱਲੇ
ਗੱਲ ਪਹੁੰਚੀ ਗਲ਼ੀ ਮੁਹੱਲੇ
ਬੰਦਾ ਟੇਢਾ ਟੇਢਾ ਚੱਲੇ.......

ਸਲਾਹ ਦਿੰਦਾ ਕੋਈ ਭੇਤੀ
ਕੀ ਕਰਨੀ ਆਪਾਂ ਖੇਤੀ
ਦੋ ਕਿਲੇ ਐਵੇ ਦੇਤੀ
ਕੰਮ ਕਰਗੇ ਆਵਦਾ ਦੱਲੇ
ਵੱਡੀ car ਤਾਂ ਆਗੀ ਥੱਲੇ
ਬੰਦਾ ਟੇਢਾ.......

ਨਾ ਫ਼ਿਕਰ ਸੀ ਰੱਤੀ ਮਾਸਾ
ਹੋ ਗਿਆ ਹੁਣ ਇਕ ਪਾਸਾ
ਲੋਕਾਂ 'ਚ ਬਣੇ ਤਮਾਸ਼ਾ
ਜਦੋਂ ਖਾਲੀ ਹੋਗੇ ਗੱਲੇ
ਰੋਂਦੇ ਵੀ ਦੇਖੇ ਕੱਲੇ
ਬੰਦਾ ਟੇਢਾ.......

ਗੱਲ ਸੱਚੀ ਏਹੇ ਬਾਈ
ਬਸ ਮਿਹਨਤਾਂ ਦੀ ਕਮਾਈ
ਰਾਸ ਸਦਾ ਹੈ ਆਈ
ਗੱਲ ਬੰਨ੍ਹ ਲਈ ਜੇ ਪੱਲੇ
ਫੇਰ ਪੂਰੀ ਬੱਲੇ ਬੱਲੇ
ਬੰਦਾ ਫੇਰ ਭਾਵੇਂ ਟੇਢਾ ਟੇਢਾ ਚੱਲੇ

# 17. ਠੰਡਾ ਗਰਮ



ਸਿਆਣੇ ਕਹਿੰਦੇ ਨੇ
ਜ਼ਿੰਦਗੀ 'ਚ ਕਦੇ ਚਾਨਣ ਤੇ ਕਦੇ ਹਨ੍ਹੇਰਾ ਹੋਊਗਾ
ਕਿਤੇ ਰੁਕਣਾ ਨਹੀਂ
ਇਸ ਰਾਤ ਤੋਂ ਬਾਅਦ ਹੀ ਸਵੇਰਾ ਹੋਊਗਾ

ਸਿਆਣੇ ਕਹਿੰਦੇ ਨੇ
ਜੇ ਸੱਚੇ ਦਿਲੋਂ ਪਿਆਰ ਕੀਤਾ ਕਿਸੇ ਨਾਲ ਵੀ
ਯਕੀਨ ਹੈ ਪੱਕਾ, ਤਾਂ ਪੱਕਾ ਓਹ ਤੇਰਾ ਹੋਊਗਾ
ਕਿਤੇ ਰੁਕਣਾ ਨਹੀਂ
ਇਸ ਰਾਤ ਤੋਂ ਬਾਅਦ ਹੀ ਸਵੇਰਾ ਹੋਊਗਾ

ਸਿਆਣੇ ਕਹਿੰਦੇ ਨੇ
ਕਾਇਰ ਨਹੀਂ ਲੜਦੇ ਕਿਸੇ ਨਾਲ, ਕਿਸੇ ਖ਼ਾਤਰ
ਯੋਧਾ ਓਹੀ ਹੁੰਦਾ, ਜੀਹਦੇ ਕੋਲ ਜੇਰਾ ਹੋਊਗਾ

ਸਿਆਣੇ ਕਹਿੰਦੇ ਨੇ

ਜ਼ਿੰਦਗੀ 'ਚ ਕਦੇ ਚਾਨਣ ਤੇ ਕਦੇ ਹਨ੍ਹੇਰਾ ਹੋਊਗਾ

ਸਿਆਣੇ ਕਹਿੰਦੇ ਨੇ

ਜ਼ਿੰਦਗੀ 'ਚ ਜੋ ਬੀਜਿਆ ਓਹੀ ਵੱਢਣਾ ਏ

ਦੁਆਲੇ ਓਸੇ ਹੀ ਲੇਖੇ ਜੋਖੇ ਦਾ ਘੇਰਾ ਹੋਊਗਾ

ਸਿਆਣੇ ਕਹਿੰਦੇ ਨੇ.............

ਸਿਆਣੇ ਕਹਿੰਦੇ ਨੇ

ਮੁੱਖ ਸੋਹਣੇ ਤੇ ਦਿਲ ਮਾੜੇ ਹੋ ਸਕਦੇ ਨੇ

ਲਾਜ਼ਮੀ ਨਹੀਂ ਸੋਹਣੇ ਦਿਲ ਵਾਲੇ ਦਾ ਸੋਹਣਾ ਚਿਹਰਾ ਹੋਊਗਾ

ਸਿਆਣੇ ਕਹਿੰਦੇ ਨੇ.............

ਸਿਆਣੇ ਕਹਿੰਦੇ ਨੇ

ਜਿੰਨ੍ਹੀ ਮਿਹਨਤ ਹੋਵੇ ਫ਼ਲ ਓਨਾਂ ਹੀ ਮਿੱਠਾ

ਓਨਾਂ ਹੀ ਸਿਰ ਕਾਮਯਾਬੀਆਂ ਦਾ ਸਿਹਰਾ ਹੋਊਗਾ

ਸਿਆਣੇ ਕਹਿੰਦੇ ਨੇ

ਜ਼ਿੰਦਗੀ 'ਚ ਕਦੇ ਚਾਨਣ ਤੇ ਕਦੇ ਹਨ੍ਹੇਰਾ ਹੋਊਗਾ

ਸਿਆਣੇ ਕਹਿੰਦੇ ਨੇ

ਵਸਣ ਦੇਵਾਂਗੇ ਜੇ ਕਿਸੇ ਨੂੰ ਚੈਨ ਨਾਲ

ਓਨਾ ਹੀ ਸੁਖੀ ਖ਼ੁਦ ਦਾ ਵੀ ਬਸੇਰਾ ਹੋਊਗਾ

ਸਿਆਣੇ ਕਹਿੰਦੇ ਨੇ ..............

ਸਿਆਣੇ ਕਹਿੰਦੇ ਨੇ

ਗੱਲਬਾਤ ਨਾਲ ਵਧੀਆ ਮੁੱਕ ਜਾਣ ਝਗੜੇ
ਕੋਰਟ ਕਚਹਿਰੀਆਂ 'ਚ ਨਾ ਹੋਵੇ, ਨਾ ਨਵੇੜਾ ਹੋਊਗਾ
ਸਿਆਣੇ ਕਹਿੰਦੇ ਨੇ
ਜ਼ਿੰਦਗੀ 'ਚ ਕਦੇ ਚਾਨਣ ਤੇ ਕਦੇ ਹਨ੍ਹੇਰਾ ਹੋਊਗਾ
ਜ਼ਿੰਦਗੀ ਦੇ ਨੁਕਤੇ ਦੇ ਦਿੱਤੇ ਨੇ ਤੁਹਾਨੂੰ
ਸਾਡੇ ਵਰਗਾ ਵੀ ਡਾਕਟਰ ਕਿਹੜਾ ਹੋਊਗਾ 😁

ਸਿਆਣੇ ਕਹਿੰਦੇ ਨੇ
ਓਹ ਸਖ਼ਸ਼ੀਅਤਾਂ ਵੀ ਵਸਦੀਆਂ ਨੇ
ਜ਼ਰੂਰੀ ਨਹੀਂ ਸਾਧ ਓਹੀ ਜੀਹਦਾ ਵੱਡਾ ਡੇਰਾ ਹੋਊਗਾ
ਠੰਡੇ ਗਰਮ ਸੁਭਾਅ ਦੋਵੇਂ ਹੀ ਹੁੰਦੇ
ਦੱਸ ਕੀਹਦੇ ਘਰ ਦਾ ਵੱਡਾ ਤੇ ਕੀਹਦੇ ਛੋਟਾ ਬਨੇਰਾ ਹੋਊਗਾ
ਸਿਆਣੇ ਕਹਿੰਦੇ ਨੇ

# 18. ਡਰ



ਜਿੰਨਾਂ ਮਰਜ਼ੀ ਸੋਚ ਲਈਏ, ਬੋਚ ਲਈਏ, ਡਰ ਲਗਦੈ
ਬਚਣਾ ਚਾਹੀਏ, ਪਰ ਲਗਦੈ, ਡਰ ਲਗਦੈ

ਕਈਆਂ ਨੂੰ ਕਿਸੇ ਦੇ ਗੁੱਸੇ ਤੋਂ
ਕਈਆਂ ਨੂੰ ਸੱਜਣ ਰੁੱਸੇ ਤੋਂ, ਡਰ ਲਗਦੈ
ਬੀਵੀ ਤੋਂ ਮੀਂਏ ਨੂੰ, ਹਨ੍ਹੇਰੇ ਤੋਂ ਬੱਚੇ ਨੂੰ
ਝੂਠੇ ਤੋਂ ਸੱਚੇ ਨੂੰ, ਰੋਸ਼ਨੀ ਤੋਂ ਚੋਰ ਕੱਚੇ ਨੂੰ, ਡਰ ਲਗਦੈ
ਬਚਪਨ 'ਚ ਮਾਪਿਆਂ ਦੀਆਂ ਗਾਲ਼ਾਂ ਤੋਂ
ਬੁੱਢੇਪੇ ਵਿੱਚ ਛੋਟੀਆਂ ਵੱਡੀਆਂ ਛਾਲਾਂ ਤੋਂ, ਡਰ ਲਗਦੈ
ਪੈਸੇ ਵਾਲੇ ਨੂੰ ਠੱਗਾਂ ਤੋਂ, ਸਲਗਾਂ ਤੋਂ
ਸਿਆਣੇ ਨੂੰ ਸਿਰੋਂ ਲਹਿੰਦੀਆਂ ਪੱਗਾਂ ਤੋਂ, ਡਰ ਲਗਦੈ।

ਸਿਆਣੇ ਸਾਊ ਬੰਦੇ ਨੂੰ ਜੇਲ੍ਹ ਤੋਂ,
ਰਹੇ ਭਰੇ ਰੁੱਖ ਨੂੰ ਅਮਰ ਵੇਲ ਤੋਂ, ਡਰ ਲਗਦੈ
ਚੋਰ ਨੂੰ ਭਰੀ ਪਈ ਬੰਦੂਖ ਤੋਂ,
ਬੇਬੇ ਨੂੰ ਖਾਲੀ ਹੋਏ ਸੰਦੂਕ ਤੋਂ, ਡਰ ਲਗਦੈ।

ਹਰ ਇਨਸਾਨ ਨੂੰ ਮੌਤ ਤੋਂ
ਪਤਨੀ ਨੂੰ ਕਿਸੇ ਸੌਤ ਤੋਂ, ਡਰ ਲਗਦੈ
ਫਸਿਆ ਜੱਟ ਸੋਚੇ ਪਟਵਾਰੀ ਤੋਂ
ਭਲਵਾਨ ਕਹਿੰਦਾ ਮੈਨੂੰ ਬਿਮਾਰੀ ਤੋਂ, ਡਰ ਲਗਦੈ
ਸ਼ਾਇਰ ਕਹਿੰਦਾ ਮੈਨੂੰ ਖੰਘ ਤੋਂ
ਤੇ ਅਵਾਮ ਕਹਿੰਦੀ ਸਾਨੂੰ ਜੰਗ ਤੋਂ, ਡਰ ਲਗਦੈ
ਸਿਆਣੇ ਨੂੰ ਪੱਗ 'ਤੇ ਹੱਥ ਪੈਣ ਤੋਂ,
ਔਰਤ ਨੂੰ ਸਿਰੋਂ ਚੁੰਨੀ ਲਹਿਣ ਤੋਂ, ਡਰ ਲਗਦੈ।
ਪੀਰ ਫ਼ਕੀਰ ਨੂੰ ਝੂਠ ਕਹਿਣ ਤੋਂ,
ਕੰਜਰਾਂ ਮੁਹੱਲੇ ਰਹਿਣ ਤੋਂ, ਡਰ ਲਗਦੈ
ਬਜ਼ੁਰਗਾਂ ਨੂੰ ਅੱਜ ਕੱਲ੍ਹ ਦੀਆਂ ਪ੍ਰੀਤਾਂ ਤੋਂ
ਆਸ਼ਕਾਂ ਨੂੰ ਸਮਾਜ ਦੀਆਂ ਰੀਤਾਂ ਤੋਂ, ਡਰ ਲਗਦੈ
ਝੂਠੇ ਨੂੰ ਸਾਹਮਣੇ ਆਉਣ ਤੋਂ,
ਦਗਾਬਾਜ਼ ਨੂੰ ਅੱਖ ਮਿਲਾਉਣ ਤੋਂ, ਡਰ ਲਗਦੈ।

ਚੰਦ ਸੂਰਜ ਨੂੰ ਲਗਦੇ ਗ੍ਰਹਿਣ ਤੋਂ,
ਸ਼ਰਾਬੀ ਨੂੰ ਸੋਫੀਆਂ ਨਾਲ ਬਹਿਣ ਤੋਂ, ਡਰ ਲਗਦੈ।
ਕਈ ਹਜ਼ਾਰਾਂ ਤੋਂ ਤੇ ਕਈ ਹੋਰਾਂ ਤੋਂ,
ਮੇਰਾ ਦਿਲ ਡਰੇ ਅੰਦਰਲੇ ਚੋਰਾਂ ਤੋਂ, ਡਰ ਲਗਦੈ
ਜਿੰਨਾਂ ਮਰਜ਼ੀ ਸੋਚ ਲਈਏ, ਬੋਚ ਲਈਏ, ਡਰ ਲਗਦੈ

# 19. ਢੋਲ



ਢੋਲ ਢੋਲੀ ਢੋਲਕੀ ਦਾ ਢੋਲ-ਢਮੱਕਾ
ਖੁਸ਼ੀ ਦੇ ਮੌਕੇ ਵਜਦਾ ਇਹਦਾ ਕੰਮ ਪੱਕਾ

ਮੈਨੂੰ ਲਗਦਾ ਢੋਲ ਪੰਜਾਬੀ, ਕੋਈ ਰੋਮ ਦਾ ਨੀ
ਅਵਾਜ਼ 'ਜੀ ਡੂੰਘੀ ਕਰਦੀ ਪੇਚਾ ਮੋਮ ਦਾ ਨੀ
ਢੋਲ ਸਾਜਾਂ ਦਾ ਰਾਜਾ ਜਿਵੇਂ ਹੁਕਮ ਦਾ ਯੱਕਾ
ਢੋਲ ਢੋਲੀ ਢੋਲਕੀ ...................


ਟਾਹਲੀ ਅੰਬ ਦੀ ਲੱਕੜ ਦਾ ਘੇਰਾ ਬੰਨ੍ਹਿਆਂ
ਡੋਰੀਆਂ ਨੇ ਆਸੇ ਪਾਸੇ ਜਿਵੇਂ ਸਿਹਰਾ ਬੰਨ੍ਹਿਆਂ

ਓਨੀ ਓਨੀ ਵਿੱਥ 'ਤੇ ਰੱਖਿਆ ਹੋਇਆ ਨੱਕਾ
ਢੋਲ ਢੋਲੀ ਢੋਲਕੀ ...................

ਢੋਲ ਦੂਰ ਕਿਤੇ ਕੱਲ੍ਹ ਦਾ ਵੱਜੀ ਜਾਵੇ
ਡਗਾ ਮਰੀ ਹੋਈ ਖੱਲ 'ਚੋਂ 'ਵਾਜ ਕੱਢੀ ਜਾਵੇ
ਐਨਾ ਰੌਲਾ ਪਵਾ ਦਿੰਦਾ ਤੀਲੀ ਦਾ ਡੱਕਾ
ਢੋਲ...................

ਢੋਲੀਆਂ ਦੀ ਸੂਹ ਲੈਣੀ ਸਿਰੇ ਦੀ ਹੁੰਦੀ
ਹੱਥ ਡਗੇ 'ਤੇ ਅੱਖ ਨੋਟ ਗਿਰੇ ਦੀ ਹੁੰਦੀ
ਫੁਰਤੀ ਕਰ ਦਿੰਦੀ ਦੂਜੇ ਨੂੰ ਹੱਕਾ ਬੱਕਾ
ਢੋਲ ਢੋਲੀ ਢੋਲਕੀ ਦਾ ਢੋਲ-ਢਮੱਕਾ
ਖੁਸ਼ੀ ਦੇ ਮੌਕੇ ਵਜਦਾ ਇਹਦਾ ਕੰਮ ਪੱਕਾ

# 20. ਇੱਕ (ੲ)



ਇੱਕ ਮੱਤ ਹੁੰਦੀ, ਇੱਕ ਮਨੁੱਖ ਹੁੰਦਾ, ਇੱਕ ਖੁਦਾ ਹੁੰਦਾ
ਨਾ ਵਹਿਮ ਹੁੰਦਾ, ਨਾ ਕੋਈ ਦੁੱਖ ਹੁੰਦਾ, ਨਾ ਕੋਈ ਜੁਦਾ ਹੁੰਦਾ
ਭਲਾਈ ਹੁੰਦੀ, ਸਲਾਮਤੀ ਹੁੰਦੀ, ਸਭ ਸੱਚਾਈ ਹੁੰਦੀ
ਬੇਸਬਰੀ ਨਾ ਹੁੰਦੀ, ਬੇਕਰਦੀ ਨਾ ਹੁੰਦੀ, ਸਭ ਖੁਦਾਈ ਹੁੰਦੀ।

ਨਿੱਤ ਡਰਾਮਾ ਕਰਦੀ ਏ, ਲੜਦੀ ਏ, ਮਨੁੱਖਤਾ ਮਰਦੀ ਏ

ਨਿੱਤ ਡਰਦੀ ਏ, ਸੜਦੀ ਏ, ਸੂਲ਼ੀ 'ਤੇ ਚੜ੍ਹਦੀ ਏ

ਇੱਕ ਮਿੱਕ ਹੁੰਦੇ, ਖਾਨੇ ਟਿੱਕ ਹੁੰਦੇ, ਚੜ੍ਹਾਈ ਹੁੰਦੀ

ਬੇਸਬਰੀ ਨਾ ਹੁੰਦੀ ..........

ਕੋਈ ਕਿੱਲ ਗੱਡੇ, ਕੋਈ ਝੋਲ਼ੀ ਅੱਡੇ, ਕੋਈ ਹੱਥ ਵੱਢੇ,

ਕੋਈ ਵੈਰ ਕੱਢੇ, ਕੋਈ ਪੁੱਟ ਖੱਡੇ, ਕੋਈ ਮੂੰਹ ਟੱਡੇ,

ਕੋਈ ਵਧਾ ਲੈਂਦਾ, ਕੋਈ ਘਟਾ ਲੈਂਦਾ, ਨਾ ਲੜਾਈ ਹੁੰਦੀ

ਬੇਸਬਰੀ ਨਾ ਹੁੰਦੀ ..........

ਕੀ ਸਹੁਰੇ ਪੇਕੇ, ਜਿੱਥੇ ਲਏ ਠੇਕੇ, ਬੰਦਾ ਮੱਥੇ ਟੇਕੇ,

ਦੂਰ-ਦੂਰ ਦੇਖੇ, ਹੁਣ ਲੱਗਣ ਸੇਕੇ, ਦੂਰ ਹੋਏ ਏਕੇ,

ਓਹਦੀ ਮਰਜ਼ੀ ਹੁੰਦੀ, ਅਰਜ਼ੀ ਹੁੰਦੀ, ਗੱਲ ਜਚਾਈ ਹੁੰਦੀ

ਬੇਸਬਰੀ ਨਾ ਹੁੰਦੀ ..............

ਇੱਕ ਬਿਆਨ ਹੁੰਦਾ, ਧਿਆਨ ਹੁੰਦਾ, ਬੜਾ ਮਾਨ ਹੁੰਦਾ,

ਨਾ ਆਉਣ ਜਾਣ ਹੁੰਦਾ, ਸਭ ਹਾਣ ਹੁੰਦਾ, ਨਾ ਕਾਣ ਹੁੰਦਾ

ਇੱਕ ਅਰਜ਼ ਹੁੰਦੀ, ਇੱਕ ਮਰਜ਼ ਹੁੰਦੀ, ਇੱਕ ਦਵਾਈ ਹੁੰਦੀ

ਬੇਸਬਰੀ ਨਾ ਹੁੰਦੀ ...........

# 21. ਤਾਰੇ



ਅਸੀਂ ਕਿੰਨੀਆਂ ਕੱਟੀਆਂ ਰਾਤਾਂ ਤੇਰੇ ਬਿਨ੍ਹਾਂ,
ਤਾਰਿਆਂ ਤੋਂ ਪੁੱਛ ਚੰਨ ਵੇ
ਕਿਵੇਂ ਕੀਤੀਆਂ ਪਿਆਰ ਦੀਆਂ ਬਾਤਾਂ ਤੇਰੇ ਬਿਨ੍ਹਾਂ
ਤਾਰਿਆਂ ਤੋਂ ਪੁੱਛ ਚੰਨ ਵੇ .....

ਇਹ ਸਾਹ ਵਿਛੋੜੇ ਦਾ, ਮੈਨੂੰ ਲੈਣਾ ਔਖਾ ਲਗਦਾ ਏ
ਇਸ਼ਕ ਹੋ ਗਿਆ ਮੈਨੂੰ, ਇਹ ਕਹਿਣਾ ਔਖਾ ਲਗਦਾ ਏ
ਹਸਦੇ ਰੋਣ ਨੂੰ ਦਿਲ ਕਰਦੈ, ਤੂੰ ਸਾਰਿਆਂ ਤੋਂ ਪੁੱਛ ਚੰਨ ਵੇ
ਅਸੀਂ ਕਿੰਨੀਆਂ.....

ਦੂਰੀਆਂ ਹੀ ਵਧਾ ਸਕੀਆਂ, ਇਹ ਪਿਆਰ ਦੇ ਸਾਹ ਸੱਜਣਾ
ਮੈਂ ਕੀ ਆਖਾਂ ਮੈਨੂੰ ਆਪਣਾ ਨੀ ਵਿਸਾਹ ਸੱਜਣਾ
ਅੱਖੀਆਂ ਦਾ ਕੀ ਹਾਲ ਹੈ, ਹੰਝੂ ਖਾਰਿਆਂ ਤੋਂ ਪੁੱਛ ਚੰਨ ਵੇ
ਅਸੀਂ ਕਿੰਨੀਆਂ ਕੱਟੀਆਂ ਰਾਤਾਂ ਤੇਰੇ ਬਿਨ੍ਹਾਂ, ਤਾਰਿਆਂ ਤੋਂ ਪੁੱਛ ਚੰਨ ਵੇ

ਜੋ ਵੀ ਅੱਜ ਤੱਕ ਮੈਂ, ਕੁਝ ਹਾਸਲ ਕੀਤਾ ਏ
ਓਹ ਸਭ ਤੇਰਾ ਏ, ਤੇਰੀ ਖ਼ਾਤਿਰ ਕੀਤੇ ਏ
ਕੀ ਕਾਲਖ ਵਿੱਚ ਸੜਨਾ ਹੈ, ਭੱਠੀ ਹਾਰਿਆਂ ਤੋਂ ਪੁੱਛ ਚੰਨ ਵੇ
ਅਸੀਂ ਕਿੰਨੀਆਂ .........

ਕੀ ਹਾਲਤ ਮੇਰੀ ਨੀ, ਇਹਨਾਂ ਨੇ ਕੀਤੇ ਏ
ਹਰ ਬੂੰਦ ਜਿਸਮ ਦੀ, ਇਹਨਾਂ ਨੇ ਪੀਤੀ ਏ
ਕੀ ਸਜ਼ਾ ਮਿਲੀ ਮੈਨੂੰ, ਆਪਣੇ ਲਾਰਿਆਂ ਤੋਂ ਪੁੱਛ ਚੰਨ ਵੇ
ਅਸੀਂ ਕਿੰਨੀਆਂ .............

# 22. ਥੋੜ੍ਹਾ ਥੋੜ੍ਹਾ



ਸਾਡੀ ਮਹਿਫ਼ਲ ਦੇ ਸਾਕੀ ਵੀ ਟੱਲੀ ਰਹਿੰਦੇ ਐ
ਥੋੜ੍ਹਾ ਥੋੜ੍ਹਾ ਪਾ ਕੇ ਰਾਹ ਮੱਲੀ ਰਹਿੰਦੇ ਐ
ਸਾਡੀ ਮਹਿਫ਼ਲ .......

ਲੁਕੀ ਕਿਸੇ ਤੋਂ ਕਿਸੇ ਦੀ ਹੱਡ ਬੀਤੀ ਨਾ
ਸਾਡੀ ਮਹਿਫ਼ਲ ਕਿਸੇ ਦੀ ਕੋਈ ਰਾਜਨੀਤੀ ਨਾ
ਗੱਲ ਆਪਸ ਦੀ ਕੋਈ ਹੋਰ ਕੀਤੀ ਨਾ
ਤਾਈਓਂ ਦੁੱਖ ਸੁੱਖ ਐਥੇ ਖੋਲ੍ਹ ਲੈਂਦੇ ਐ
ਸਾਡੀ ਮਹਿਫ਼ਲ .......

ਪਹਿਲਾ ਡਰ ਲੱਗੇ ਸਾਨੂੰ ਦਿਲ ਦੀ ਖੋਟ ਤੋਂ
ਦੂਜਾ ਡਰ ਲੱਗੇ ਉੱਤੇ ਥੱਲੇ ਪੈਂਦੀ ਵੋਟ ਤੋਂ
ਤੀਜਾ ਡਰ ਲੱਗੇ ਗਾਂਧੀ ਵਾਲੇ ਵੱਡੇ ਨੋਟ ਤੋਂ
ਲੋਕ ਇਹਨਾਂ ਨਾਲ ਦੇਸ਼ ਦੀ ਤਰੱਕੀ ਕਹਿੰਦੇ ਐ

ਸਾਡੀ ਮਹਿਫ਼ਲ .......

ਸੋਫੀ ਹੋਈਏ ਡਰ ਲਗਦਾ ਰਹਿੰਦਾ ਸਮਾਜ ਤੋਂ
ਸੱਥਰਾਂ ਵਿੱਚ ਚੁਗਲੀ ਤੇ ਵਿਆਹ 'ਚ ਦਾਜ ਤੋਂ
ਇੰਚ ਇੰਚ 'ਤੇ ਚੜਾਏ ਹੋਏ ਚੰਦਰੇ ਵਿਆਜ ਤੋਂ
ਖੌਰੇ ਕਾਹਤੋਂ ਮਰੇ ਸੱਪ ਗਲ਼ ਪੈਂਦੇ ਐ
ਸਾਡੀ ਮਹਿਫ਼ਲ .......

ਕੋਟਿ ਕੋਟਿ ਪ੍ਰਣਾਮ ਉਹ ਜੰਮਦੀਆਂ ਕੁੱਖਾਂ ਨੂੰ
ਫੇਰ ਫ਼ਲ ਪੌਦੇ ਫਸਲਾਂ ਹਰ ਭਰੇ ਰੁੱਖਾਂ ਨੂੰ
ਮਾਂ ਧਰਤੀ ਮਿਟਾਉਂਦੀ ਆਈ ਸੱਭੇ ਭੁੱਖਾਂ ਨੂੰ
ਜੀਹਦੇ ਲਈ ਪੁੱਤ ਆਪਸ 'ਚ ਖਹਿੰਦੇ ਐ
ਸਾਡੀ ਮਹਿਫ਼ਲ .......

# 23. ਦੋ ਮੂੰਹ



ਮਾੜਾ ਕਿਹੜਾ ਚੰਗਾ ਕਿਹੜਾ, ਮੈਨੂੰ ਨਾ ਇਹਦੀ ਸੂੰ
ਮੈਂ ਅੰਦਰੋਂ ਕੁਝ ਤੇ ਬਾਹਰੋਂ ਕੁਝ, ਮੇਰੇ ਹੈਗੇ ਦੋ ਮੂੰਹ
ਇਕ ਕੁਝ ਕਰਦਾ ਇਕ ਕੁਝ, ਦੋ ਮੂੰਹ ਮੇਰੇ ਦੋ ਮੂੰਹ

ਜੰਮਣ ਵੇਲੇ ਨਹੀਂ ਸੀ, ਦੁਨੀਆਂ ਦਾਰੀ ਦਿੱਤੇ ਨੇ
ਦੋ ਮੂੰਹੀ ਦੁਨੀਆਂ 'ਚ ਰਹਿਣ ਦੇ, ਏਹੀ ਸਿੱਟੇ ਨੇ
ਰੋਜ਼ ਦੁਨੀਆਂ ਦਾਰੀ ਖੜ੍ਹੇ ਕਰ ਦਿੰਦੀ ਐ ਲੂੰ
ਮੇਰੇ ਦੋ ਮੂੰਹ ਮੇਰੇ ਦੋ ਮੂੰਹ ......

ਹੱਸਕੇ ਗੱਲ ਕਰ 'ਲਾਂ, ਇਕ ਮੂੰਹ ਮੇਰਾ ਸੜ ਜਾਂਦਾ
ਹੱਸਣ 'ਤੇ ਦੂਜਾ, ਪਹਿਲੇ ਦੀਆਂ ਅੱਖਾਂ ਪੜ੍ਹ ਜਾਂਦਾ
ਮਹਿਫ਼ਲ ਵਿੱਚ ਮੇਰੀ ਬੜੀ ਕਰਾਉਂਦੇ ਥੂ ਥੂ
ਮੇਰੇ ਦੋ ਮੂੰਹ ਮੇਰੇ ਦੋ ਮੂੰਹ ......

ਮੂੰਹਾਂ ਨੂੰ ਮੈਂ ਕੀ ਆਖਾਂ ਇਹਨਾਂ ਦੀ ਗੱਲ ਮਾੜੀ ਐ
ਇਕ ਦਿਲ ਨਾਲ ਤੇ ਦੂਜੇ ਦੀ ਦਿਮਾਗ ਨਾਲ ਆੜੀ ਐ

ਸਮਝਦਾ ਕੋਈ ਨਾ, ਕਿਸੇ ਦੇ ਨਾ ਸਰਕੇ ਜੂੰ
ਮੇਰੇ ਦੋ ਮੂੰਹ ਮੇਰੇ ਦੋ ਮੂੰਹ ......

ਕੁੱਟ ਕਟਾਪਾ, ਬੇਇਮਾਨੀ, ਗਰੀਬੀ ਚੋਰੀ ਯਾਰੀ ਏ
ਲੱਖ ਕੁਰੀਤੀਆਂ ਨਾਲ, ਭਰੀ ਦੁਨੀਆਂ ਸਾਰੀ ਏ
ਕੋਈ ਜਿੱਤੀ ਜਾਂਦਾ, ਕੋਈ ਹਾਰੀ ਜਾਂਦਾ
ਕੋਈ ਲੁੱਟੀ ਜਾਂਦਾ, ਕੋਈ ਵਾਰੀ ਜਾਂਦਾ
ਮੈਨੂੰ ਵੀ ਫੇਰ ਰਾਹ ਏਹੇ ਫੜਨੇ ਪਏ
ਏਸੇ ਲਈ ਮੈਨੂੰ ਦੋ ਮੂੰਹ ਘੜ੍ਹਨੇ ਪਏ
ਲਕੋ ਰੱਖਿਆ ਸੀ ਅੰਦਰ, ਜਿਵੇਂ ਕੱਪੜੇ ਅੰਦਰ ਰੂੰ
ਮੇਰੇ ਦੋ ਮੂੰਹ ਮੇਰੇ ਦੋ ਮੂੰਹ ......

# 24. ਧਰੀਂ ਬੋਚ ਕੇ



ਦੱਸ ਕੌਣ ਕਰਦਾ ਕਿਸੇ ਦੀ ਪਰਵਾਹ ਮਿੱਤਰਾ
ਕੀਹਦਾ ਕੀਹਦਾ ਕਰੀਏ ਹੁਣ ਵਿਸਾਹ ਮਿੱਤਰਾ
ਕਦਮ ਹਰ ਥਾਂ 'ਤੇ ਬੋਚ ਕੇ ਧਰੀਂ
ਆਪਣੇ ਨਾਲ ਵੀ ਗੱਲ ਸੋਚ ਕੇ ਕਰੀਂ

ਇਹ ਪਿਆਰ ਪਯੂਰ ਦੀਆਂ ਓਦੋਂ ਉੱਡਣ ਧੱਜੀਆਂ
ਆਪਣਿਆਂ ਦੀਆਂ ਗੱਲਾਂ ਜਦੋਂ ਕੰਨੀਂ ਵੱਜੀਆਂ
ਮੰਜ਼ਿਲਾਂ ਦੀ ਜਦੋਂ ਨੇੜੇ ਹੋਵੇ ਵਾਟ ਓਏ
ਡੋਬਣ ਵਾਲਿਆਂ ਦੀ ਰਹੇ ਨਾ ਘਾਟ ਓਏ
ਦੁਨੀਆਂ-ਦਾਰੀ ਦੇ ਝਨਾਂ 'ਚ ਕੱਚੇ 'ਤੇ ਤਰੀਂ
ਆਪਣੇ ਨਾਲ ਵੀ ਗੱਲ ਸੋਚ ਕੇ ਕਰੀਂ ....

ਜਿੱਤਣ ਨੂੰ ਫਿਰੇਂ ਜੀਹਦਾ ਵਿਸ਼ਵਾਸ਼ ਮਿੱਤਰਾ
ਖਿਡਾਰੀ ਨੇ ਓਹ ਤੂੰ ਸਿਰਫ ਤਾਸ਼ ਮਿੱਤਰਾ
ਇਹਨਾਂ ਦੀ Chess ਦੀ ਤੂੰ ਚਾਲ ਵੇਖੇਂਗਾ
ਇਹਨਾਂ ਦੇ ਸ਼ਿਕਾਰਾਂ ਦਾ ਤੂੰ ਹਾਲ ਵੇਖੇਂਗਾ

ਫੇਰ ਯੋਧਾ ਬਣ ਮੈਦਾਨ-ਏ-ਜੰਗ 'ਚ ਲੜੀਂ
ਆਪਣੇ ਨਾਲ ਵੀ ਗੱਲ ਸੋਚ ਕੇ ਕਰੀਂ ...

ਵਰਾਉਣ ਲੱਗੋ, ਵਰਾਉਣਾ ਔਖਾ ਹੈ
ਸਮਝਾਉਣ ਲੱਗੋ, ਸਮਝਾਉਣਾ ਔਖਾ ਹੈ
ਮੰਦਾ ਬੋਲਦੇ ਨੇ ਵੱਡੇ ਵੀ, ਛੋਟੇ ਵੀ
ਸੱਜਣ ਮਿਲਦੇ ਨੇ ਖਰੇ ਵੀ, ਖੋਟੇ ਵੀ
ਪਰ ਲੰਡੂਆਂ ਤੋਂ ਤੂੰ ਜਮਾਂ ਨਾ ਡਰੀਂ
ਪਰ ਆਪਣੇ ਨਾਲ ਵੀ ਗੱਲ ....

ਗੱਲ ਦੁਨੀਆਂ ਤੋਂ ਤੂੰ ਸਿੱਖ ਮਿੱਤਰਾ
ਪਰਵਾਹ ਨੀ ਕਿਸੇ ਦੀ ਕੀ ਹੈ ਦਿੱਖ ਮਿੱਤਰਾ
ਹੱਕ ਮੰਗਣੋਂ ਕਦੇ ਵੀ ਸੰਗੀ ਨਾ
ਖ਼ੁਦ ਨੂੰ ਕਦੇ ਵੀ ਘੱਟ ਅੰਗੀ ਨਾ
ਦਾਤੇ ਅੱਗੇ ਹਮੇਸ਼ਾ ਹੱਥ ਜੋੜਕੇ ਖੜ੍ਹੀਂ
ਪਰ ਆਪਣੇ ਨਾਲ ਵੀ ਗੱਲ ....

# 25. ਨਾਂ



ਆਉਂਦੇ ਜਾਂਦੇ ਲੈਂਦੇ ਤੇਰਾ ਨਾਂ, ਚੰਨਾ ਵੇ ਮੇਰੇ ਸਾਹ
ਹੋਰ ਕਿੰਨਾ ਕੁ ਪਿਆਰ ਮੈਂ ਕਰਾਂ, ਚੰਨਾ ਵੇ ਮੇਰੇ ਸਾਹ

ਦੂਰ ਦੂਰ ਰਹਿ ਕੇ ਵੀ, ਫੇਰ ਨੇੜੇ ਨੇੜੇ ਹੋਣਾ ਏ
ਸਾਰੀ ਜ਼ਿੰਦਗੀ ਦੇ ਹਾਸੇ ਨੇ, ਹੁਣ ਥੋੜਾ ਚਿਰ ਰੋਣਾ ਏ
ਝੱਟ ਲੰਘ ਜਾਣਾ ਇਹ ਵੀ ਸਮਾਂ, ਚੰਨਾ ਵੇ ਮੇਰੇ ਸਾਹ
ਆਉਂਦੇ ਜਾਂਦੇ .....

ਮੈਂ ਕਰਾਂ ਅਰਜ਼ਾਂ ਦੋਵੇਂ ਹੱਥ ਜੋੜ ਕੇ
ਕਦੇ ਵੀ ਛੱਡ ਜਾਵੀਂ ਨਾ ਸੋਹਣਾ ਮੁਖ ਮੋੜ ਕੇ
ਤੇਰੇ ਬਿਨ੍ਹਾਂ ਦੁਨੀਆ ਅਵੱਲੀ ਜਿਹੀ ਥਾਂ, ਚੰਨ ਵੇ ਮੇਰੇ ਸਾਹ
ਆਉਂਦੇ ਜਾਂਦੇ ....

ਮੈਂ ਕਿਹਾ ਯਾਰਾ ਓਏ, ਗੱਲ ਮੇਰੀ ਸੱਚੀ ਹੈ

ਤੇਰੇ ਨਾਲ ਜ਼ਿੰਦਗੀ, ਉਮੀਦ ਲਾਈ ਰੱਖੀ ਹੈ
ਚੱਲ ਚੱਲੀਏ ਤੂੰ ਫੜ ਮੇਰੀ ਬਾਂਹ, ਚੰਨ ਵੇ ਮੇਰੇ ਸਾਹ
ਆਉਂਦੇ ਜਾਂਦੇ ....

ਉਡੀਕਾਂ ਵਿੱਚ ਬੈਠੀਆਂ ਨੇ ਇਹ ਦੋਵੇਂ ਅੱਖੀਆਂ
ਤੇਰਿਆਂ ਹੀ ਰਾਹਾਂ ਵਿੱਚ ਮੈਂ ਵਿਛਾਈ ਰੱਖੀਆਂ
ਵੇਖੀਂ ਕਿਤੇ ਸੱਜਣਾ ਮਿੱਧ ਕੇ ਨਾ ਤੁਰ ਜੀਂ
ਜਾਂ ਕਿਤੇ ਬੰਦ ਵੇਖ ਵਾਪਸ ਨਾ ਮੁੜ ਜੀਂ
ਨਿੱਤ ਉੱਠ ਉੱਠ ਤੈਨੂੰ ਮੈਂ ਕਹਾਂ, ਚੰਨ ਵੇ ਮੇਰੇ ਸਾਹ
ਆਉਂਦੇ ਜਾਂਦੇ ....

ਮੇਰਿਆਂ ਹੀ ਗੀਤਾਂ ਨੇ ਸਹਾਰਾ ਮੈਨੂੰ ਦਿੱਤਾ ਏ
ਜਨਮ ਵੀ ਇਹਨਾਂ ਨੇ ਦੁਬਾਰਾ ਮੈਨੂੰ ਦਿੱਤਾ ਏ
ਇਹਨਾਂ ਕਰਕੇ ਜਿਉਂਦਾ ਜਾਗਦਾਂ, ਚੰਨ ਵੇ ਮੇਰੇ ਸਾਹ
ਆਉਂਦੇ ਜਾਂਦੇ ....

# 26.ਪਤਾ ਨੀ



ਸੋਚਾਂ, ਅੜ ਜਾਈਏ, ਲੜ ਜਾਈਏ, ਖੜ੍ਹ ਜਾਈਏ

ਫੇਰ ਸੋਚਾਂ ....

ਕਾਹਤੋਂ ਖਈਏ ਕੁਝ ਪਤਾ ਨੀ ਲਗਦਾ

ਚੁੱਪ ਹੀ ਰਹੀਏ ਕੁਝ ਪਤਾ ਨੀ ਲਗਦਾ

ਮੈਂ ਅਵੱਲੇ ਨੂੰ ਰੋਗ ਅਵੱਲਾ

ਕਿਵੇਂ ਸਹੀਏ, ਕੁਝ ਪਤਾ ਨੀ ਲਗਦਾ।

ਘਰੇ ਬਹਿ ਜਾਵੇ ਕੋਈ,

ਕਹਿੰਦੇ ਲਗਦਾ ਗੱਲ ਖਾਸੀ ਹੈ

ਬੋਲਦਾ ਨੀ ਚੁੱਪ ਰਹਿੰਦਾ,
ਕੋਈ ਗ਼ਮ ਸਦਮਾ ਉਦਾਸੀ ਹੈ
ਕਿੱਥੇ ਬਹੀਏ, ਕੁਝ ਪਤਾ ਨੀ ਲਗਦਾ ......

ਵਕਤ ਆਪਣੀ ਚਾਲ ਚੱਲੇ,
ਕਦੇ ਵੀ ਰੁਕਦਾ ਨਹੀਂ
ਕੋਈ ਸਿਰ ਨਾ ਜੰਮਿਆ ਐਸਾ,
ਇਹਦੇ ਮੂਹਰੇ ਝੁਕਣਾ ਨਹੀਂ
ਘੁੰਮ ਜਾਣੇ ਪਈਏ, ਪਤਾ ਨੀ ਲਗਦਾ
ਕਿਵੇਂ ਸਹੀਏ, ਕੁਝ ਪਤਾ ਨੀ ਲਗਦਾ...

ਬੋਲੀ ਬਦਲੀ ਜਾਂਦੀ
ਅੱਖਰ ਤੁਰੇ ਜਾਂਦੇ
ਅਲਫ਼ ਹੋਈ ਬੇ ਹੋਈ, ਉੜੇ ਆੜੇ ਖੁਰੇ ਜਾਂਦੇ
ਵਿਚੇ ਹੀ ਰਾਰੇ ਯਈਏ, ਕੁਝ ਪਤਾ ਨੀ ਲਗਦਾ
ਕਿਵੇਂ ਸਹੀਏ, ਕੁਝ ਪਤਾ ਨੀ ਲਗਦਾ...

ਐਧਰ ਓਧਰ ਭੱਜੇ ਫਿਰਨਾ,
ਏਹੇ ਬਸ ਘੋਖ ਹੀ ਹੈ
ਸਭ ਤੋਂ ਉਚਾ ਨਾਮ,
ਫੇਰ ਸਬਰ ਸੰਤੋਖ ਹੀ ਹੈ
ਉੱਠ ਫੇਰ ਵਈਏ, ਕਿ ਕੁਝ ਪਤਾ ਨੀ ਲਗਦਾ?
ਕਿਵੇਂ ਸਹੀਏ, ਕੁਝ ਪਤਾ ਨੀ ਲਗਦਾ...

# 27. ਫਰਜ਼



ਤੂੰ ਬੋਝ ਨਾ ਸਮਝੀਂ ਫਰਜ਼ਾਂ ਦਾ
ਤੂੰ ਮੁੱਲ ਚੁਕਾਉਣਾ ਕਰਜ਼ਾਂ ਦਾ
ਤੂੰ ਬੋਝ ਨਾ ਸਮਝੀਂ ਫਰਜ਼ਾਂ ਦਾ ....

ਕਈ ਪੱਕੇ ਤੌਰ 'ਤੇ ਕਰਨੇ ਨੇ
ਜੇ ਨਾ ਕੀਤੇ ਫੇਰ ਭਰਨੇ ਨੇ
ਫੇਰ ਇਲਾਜ ਨੀ ਮਰਜ਼ਾਂ ਦਾ
ਤੂੰ ਬੋਝ ਨਾ ਸਮਝੀਂ ਫਰਜ਼ਾਂ ਦਾ....

ਸਮਾਂ ਨਾ ਪਾ ਦੇ ਦੂਰੀ ਸਕਿਆਂ 'ਚ
ਖੇੜੇ ਰਹਿਣ, ਨਾ ਆਵੇ ਘੂਰੀ ਸਕਿਆਂ 'ਚ
ਅਖੀਰ ਏਹੀ ਅਰਦਾਸਾਂ ਅਰਜ਼ਾਂ ਦਾ ....

ਰੱਖ ਭਰੋਸਾ ਦਾਤੇ 'ਤੇ ਦਾਤਾਂ 'ਤੇ

ਚੰਗੇ ਆਉਂਦੇ ਸਮੇਂ ਹਲਾਤਾਂ 'ਤੇ
ਪੱਕਾ ਮੁੱਲ ਪੈਣਾ ਹੈ ਗਰਜ਼ਾਂ ਦਾ ......

ਮਨ ਸ਼ਾਂਤ ਕਿ ਅਵਾਜ਼ ਪਿੰਡੇ ਦੀ
ਕਦੇ ਸ਼ੈਂ ਕਦੇ ਅਵਾਜ਼ ਬਿੰਡੇ ਦੀ
ਓਹੀ ਜਾਣੇ ਮਤਲਬ ਤਰਜ਼ਾਂ ਦਾ ...
ਤੂੰ ਬੋਝ ਨਾ ਸਮਝੀਂ ਫਰਜ਼ਾਂ ਦਾ....

ਕੀ ਸੁੱਖ ਸਾਂਦ ਦੇ ਫਾਇਦੇ ਨੇ
ਏਹਦੇ ਆਵਦੇ ਹੀ ਕਾਇਦੇ ਨੇ
ਏਹ ਖੇਡ ਮੁਨਾਫ਼ੇ ਹਰਜ਼ਾਂ ਦਾ ....
ਤੂੰ ਬੋਝ ਨਾ ਸਮਝੀਂ ਫਰਜ਼ਾਂ ਦਾ....

# 28. ਬਹਾਨਾ



ਪੀਣ ਵਾਲਿਆਂ ਨੂੰ, ਲੰਡੂ ਜਾ ਬਹਾਨਾ ਚਾਹੀਦੈ
ਨਾ ਪਾਣੀ ਖਾਰਾ ਨਾ ਸੁਰਾਹੀ ਨਾ ਪੈਮਾਨਾ ਚਾਹੀਦੈ

ਆਥਣ ਵੇਲੇ ਇਕ ਲੋਰ, ਉੱਠਦੀ ਏ
ਇਕ ਤੋਂ ਬਾਅਦ ਇਕ ਹੋਰ ਉੱਠਦੀ ਏ
ਜਿਵੇਂ ਕਿਸੇ ਚੋਰ ਨੂੰ ਖ਼ਜਾਨਾ ਚਾਹੀਦੈ
ਪੀਣ ਵਾਲਿਆਂ ਨੂੰ .....

ਕੋਈ ਸ਼ੌਕੀ ਫ਼੍ਰੀ ਦਾ ਕੋਈ ਮੁੱਲ ਦਾ
ਕਈ ਚੁੱਪ ਕਈਆਂ ਦਾ ਦਿਲ ਖੁੱਲ੍ਹ ਦਾ

ਆਪਣੀ ਦਿਵਾਨੀ ਨੂੰ ਬਸ ਦਿਵਾਨਾ ਚਾਹੀਦੈ
ਪੀਣ ਵਾਲਿਆਂ ਨੂੰ .....

ਕੋਈ ਮਹਿਫ਼ਿਲ ਵਿੱਚ ਕੋਈ ਕੱਲੇ ਬਹਿ ਕੇ
ਕੋਈ ਰੌਲਾ ਰੱਪਾ ਕੋਈ ਯਾਦਾਂ ਲੈ ਕੇ
ਕਦੇ ਨਜ਼ਰਾਂ ਤੋਂ ਦੂਰ ਜ਼ਮਾਨਾ ਚਾਹੀਦੈ
ਪੀਣ ਵਾਲਿਆਂ ਨੂੰ .....

100 ਗਾਹਕ ਇਕ ਮੇਰੀ ਗੱਲ ਖਰੀ ਦਾ
ਓਹਦੇ ਨਾਂ ਦੀ ਪੀਣੀ ਤਾਂ ਨਹੀਂ ਡਰੀ ਦਾ
ਮਨ ਵਿੱਚ clear ਪਰ ਨਿਸ਼ਾਨਾ ਚਾਹੀਦੈ
ਪੀਣ ਵਾਲਿਆਂ ਨੂੰ .....

# 29.ਭਾਅ



ਕੀ ਭਾਅ ਮੁਕੱਦਰਾਂ ਦਾ
ਕੀ ਭਾਅ ਸਰੀਰਾਂ ਦਾ
ਤਾਣਾ ਬਾਣਾ ਸਾਹਾਂ ਦਾ
ਨਾ ਕਿ ਤਕਦੀਰਾਂ ਦਾ ...

ਇਹ ਦੌੜ ਦੌਲਤਾਂ ਦੀ, ਨਾ ਕਿ ਲੋੜਾਂ ਦੀ
ਟਿਕੀ ਹੋਈ ਹੈ ਸਾਹਾਂ 'ਤੇ, ਬਸ ਜੋੜਾਂ ਤੋੜਾਂ ਦੀ
ਮੈਨੂੰ ਹੀ ਮਿਲ ਜਾਵੇ, ਜੋ ਫ਼ੱਕਰ ਫ਼ਕੀਰਾਂ ਦਾ
ਕੀ ਭਾਅ ਮੁਕੱਦਰਾਂ ਦਾ, ਕੀ ਭਾਅ ਸਰੀਰਾਂ ਦਾ ...

ਕਦ ਖੁਸ਼ ਹੋਈਆਂ, ਜੋ ਰਿਸ਼ਤੇਦਾਰੀਆਂ ਨੇ
ਕਦੇ ਘੁਸਦੀਆਂ ਨਾ, ਦਿਲੀ ਮੁਲਾਝੇਦਾਰੀਆਂ ਨੇ
ਕਈ ਜਨਮ ਚੱਲਿਆ ਹੋਣਾ, ਕਿੱਸਾ ਰਾਂਝੇ ਹੀਰਾਂ ਦਾ
ਕੀ ਭਾਅ ਮੁਕੱਦਰਾਂ ਦਾ...

ਨਾਮ ਰਵਾਏ ਦਾ ਹੁੰਦਾ, ਕੋਈ ਹਸਾਏ ਦਾ ਨਹੀਂ
ਸਭ ਸਾਹ ਨੇ ਮਾਲਕ ਦੇ, ਕੋਈ ਕਿਰਾਏ ਦਾ ਨਹੀਂ
ਰਾਹ ਆਪਣੇ ਛੱਡਦੇ ਨਾ, ਇਹ ਕੰਮ ਅਮੀਰਾਂ ਦਾ
ਕੀ ਭਾਅ ਮੁਕੱਦਰਾਂ ਦਾ ...

ਆਸ਼ਕ ਮਸ਼ੂਕਾਂ ਦੀ ਵਾਧੂ ਬਦਨਾਮੀ ਹੈ
ਮਿਰਜ਼ੇ ਮਜਨੂੰ ਰਾਂਝੇ ਸਭ ਵਿੱਚ ਖਾਮੀ ਹੈ
ਅੱਖ ਨਾਲ ਮੁਕਾਬਲਾ ਕੀ, ਤਲਵਾਰਾਂ ਤੀਰਾਂ ਦਾ
ਕੀ ਭਾਅ ਮੁਕੱਦਰਾਂ ਦਾ ...

ਅੱਖਰਾਂ ਨੂੰ ਜੋੜ ਜੋੜਕੇ ਬਣੇ ਗੀਤ ਦੀ ਮਾਲਾ ਨਾ
ਲੱਖ ਕੋਸ਼ਿਸ਼ਾਂ ਕਰੀਏ, ਚਿੱਟਾ ਹੁੰਦਾ ਕਾਲਾ ਨਾ
ਕਾਤਰਾਂ ਦੇ ਚੋਲੇ ਨਾ, ਬਣੇ ਲਹਿੰਗਾ ਲੀਰਾਂ ਦਾ
ਕੀ ਭਾਅ ਮੁਕੱਦਰਾਂ ਦਾ, ਕੀ ਭਾਅ ਸਰੀਰਾਂ ਦਾ
ਤਾਣਾ ਬਾਣਾ ਸਾਹਾਂ ਦਾ, ਨਾ ਕਿ ਤਕਦੀਰਾਂ ਦਾ .....

# 30. ਮੁੱਕ ਜਾਣੀ



ਸਵੇਰ ਤੋਂ ਬਾਅਦ ਸ਼ਾਮ ਆਉਣੀ ਜ਼ਰੂਰੀ ਹੈ
ਬਚਪਨ ਤੋਂ ਬੁਢੇਪੇ ਵੱਲ ਕਰਨੀ ਮੰਜ਼ਲ ਪੂਰੀ ਹੈ
ਫੜੀ ਨਵਜ ਹਕੀਮਾਂ ਹੱਥ, ਰੁੱਕ ਜਾਣੀ ਏ
ਹਰੀ ਹੈ ਤੇਰੀ ਟਾਹਣੀ, ਵੇਖੀਂ ਸੁੱਕ ਜਾਣੀ ਏ
ਮਾਣ ਕਾਹਦਾ ਕਰਨਾ, ਜਿੰਦ ਮੁੱਕ ਜਾਣੀ ਏ

ਰੇਤੇ ਮਿੱਟੀ 'ਤੇ ਗੁੱਸਾ, ਐਵੇ ਖਿਜ 'ਜੀ ਚੜ੍ਹਦੀ ਏ
ਅੰਦਰੋ ਅੰਦਰੀ ਜਿੰਦੜੀ, ਖ਼ੁਦ ਘੁਲਦੀ ਲੜਦੀ ਏ
ਆਕੜੀ ਹੋਈ ਗਰਦਨ, ਮਿੱਟੀ ਵੱਲ ਝੁੱਕ ਜਾਣੀ ਏ
ਮਾਣ ਕਾਹਦਾ ਕਰਨਾ ....

ਕਿਤੇ ਜ਼ੋਰ ਅਸੀਸਾਂ 'ਤੇ, ਕਿਤੇ ਲੱਗਿਆ ਸ਼ਕਾਇਤਾਂ 'ਤੇ
ਕਿਤੇ ਏਕਾ ਟੱਬਰਾਂ ਦਾ, ਕਿਤੇ ਜ਼ੋਰ ਹਦਾਇਤਾਂ 'ਤੇ,
ਕਿਹਾ ਮੰਨੋ ਨਹੀਂ ਸੁਣਨ ਵਾਲੀ ਉੱਕ ਜਾਣੀ ਏ
ਮਾਣ ਕਾਹਦਾ ਕਰਨਾ ....

ਖੁਸ਼ੀ ਗ਼ਮੀ ਹੈ ਜ਼ਿੰਦਗੀ, ਵਿੱਚ ਹਾਸੇ ਖੇੜੇ ਨੇ
ਵਲ਼ ਵਲ਼ੇਵੇਂ ਬਹੁਤੇ, ਰਾਹ ਟੇਢੇ ਮੇਢੇ ਨੇ
ਹਿਲ ਹਿਲ ਡੁੱਲ ਜਾਣਾ, ਬਸ ਇਕ ਬੁੱਕ ਪਾਣੀ ਏ
ਮਾਣ ਕਾਹਦਾ ਕਰਨਾ ....

ਨਾ ਜੰਮਿਆ ਨਾ ਮਰਨਾ, ਇਕ ਦੂਜੇ 'ਚ ਪਰਤੀ ਦਾ
ਸਮਝ ਆ ਗਈ ਜਦੋਂ, ਮੁਕਣਾ ਗੇੜਾ ਧਰਤੀ ਦਾ
ਕੀ ਕੀਤਾ ਕੀ ਕਰਨਾ, ਸਭ ਪਲਕਾਂ ਓਹਲੇ ਲੁੱਕ ਜਾਣੀ ਏ
ਮਾਣ ਕਾਹਦਾ ਕਰਨਾ ....

# 31. ਯਰ ਸਾਕੀਆ



ਯਰ ਮੈਨੂੰ ਇਕ ਪਿਆ ਦੇ ਸਾਕੀਆ, ਮੈਂ ਪਾਪ ਧੋਣੇ ਨੇ
ਨਾਲੇ ਸੁਣਿਆ ਮੈਂ ਪੀ ਕੇ, ਮੁੱਕ ਜਾਂਦੇ ਰੋਣੇ ਨੇ
ਮੈਨੂੰ ਇਕ ਪਿਆ .....

ਯਰ ਕੋਈ ਜਿਸਮਾਂ ਵਾਲੀ ਪੀ ਜਾਂਦਾ
ਯਰ ਕੋਈ ਕਰਮਾਂ ਵਾਲੀ ਪੀ ਜਾਂਦਾ
ਯਰ ਕੋਈ ਅਸਲੀ ਨਕਲੀ ਪੀ ਜਾਂਦਾ
ਯਰ ਕੋਈ ਧਰਮਾਂ ਵਾਲੀ ਪੀ ਜਾਂਦਾ
ਬਹੁਤ ਸਿਫ਼ਤਾਂ ਸੁਣੀਆਂ, ਮੈਂ ਓਹੀ ਤਾਰ ਛੋਹਣੇ ਨੇ

ਮੈਨੂੰ ਇਕ ਪਿਆ .....

ਦੋ ਰੋਟੀਆਂ ਵਾਲੀ ਗਰੀਬ ਪੀਂਦੈ

ਤੇ ਬਹੁਤੀਆਂ ਵਾਲੀ ਅਮੀਰ

ਆਸ਼ਕ ਪੀਂਦੇ ਮਹਿਬੂਬ ਵਾਲੀ

ਤੇ ਰੱਬ ਦੀ ਪੀਂਦੇ ਫ਼ਕੀਰ

ਕਦੇ ਲੈਲਾ ਮਜਨੂੰ ਪੀਂਦੇ ਨੇ

ਕਦੇ ਪੀਂਦੇ ਰਾਂਝੇ ਹੀਰ

ਦੇਖਣੇ ਇਹ ਆਸ਼ਕ, ਕੀਹਦੇ ਵਰਗੇ ਹੋਣੇ ਨੇ

ਮੈਨੂੰ ਇਕ ਪਿਆ .....

ਮਾਵਾਂ ਨੇ ਕਿਵੇਂ ਪੁੱਤਰ ਪਾਲੇ

ਮਾਵਾਂ ਕੋਲ ਕੋਈ ਹੋਰ ਪਿਆਲੇ

ਮਾਵਾਂ ਦੇ ਘੁੱਟ ਸਬਰਾਂ ਵਾਲੇ

ਪਰਦੇਸ਼ਾਂ ਨੂੰ ਸਭ ਚਾਲੇ ਪਾਲੇ

ਚਾਬੀਆਂ ਕਿਤੇ ਤੇ ਕਿਤੇ ਨੇ ਤਾਲੇ

ਮੁੱਕ ਛਾਬੇ 'ਚੋਂ ਰੋਟੀਆਂ, ਤੇ ਗਿੱਲੇ ਪੋਣੇ ਨੇ

ਮੈਨੂੰ ਇਕ ਪਿਆ ਦੇ ਸਾਕੀਆ, ਮੈਂ ਪਾਪ ਧੋਣੇ ਨੇ

ਨਾਲ ਸੁਣਿਆ ਮੈਂ ਪੀ ਕੇ, ਮੁੱਕ ਜਾਂਦੇ ਰੋਣੇ ਨੇ

ਮੈਨੂੰ ....

ਕਈ ਨਹੀਂ ਪੀਂਦੇ ਪਰ ਜਾਂਦੇ ਵੰਡੀ ਐ

ਓਹਨਾਂ ਦੀ ਚਾਰੇ ਪਾਸੇ ਜ਼ਿਆਦਾ ਭੰਡੀ ਐ

ਚੰਗੇ ਬੰਦੇ ਦੀ ਐਥੇ ਕਾਹਦੀ ਮੰਡੀ ਐ

ਓਦੋਂ ਤਰੀੜਾਂ ਹੁੰਦੀਆਂ, ਜਦ ਹੁੰਦੀ ਠੰਡੀ ਐ
ਭੇਲੀ ਟੁੱਟੀ ਆਪਣੇ ਆਪਣੇ ਹਿੱਸੇ ਖੋਹਣੇ ਨੇ
ਮੈਨੂੰ ਇਕ ਪਿਆ ....

# 32. ਰਮਜ਼ਾਂ



ਦਿਲ ਦੀਆਂ ਰਮਜ਼ਾਂ ਨੂੰ ਕੌਣ ਜਾਣੇ,

ਜ਼ੋਰ ਜ਼ੂਰ ਲਾ ਤੁਰ'ਗੇ ਬੜੇ ਸਿਆਣੇ,

ਆਵਦੀਆਂ ਤਰੰਗਾਂ ਇਹਦੀਆਂ

ਇਹਦੇ ਆਪੇ ਹੀ ਬਣਦੇ ਗਾਣੇ

ਦਿਲ ਦੀਆਂ ਰਮਜ਼ਾਂ ਨੂੰ ....

ਕੀ ਦਿਲ ਵਿੱਚ ਲਈ ਫਿਰਦੇ, ਫ਼ੱਕਰ ਪੀਰ ਫ਼ਕੀਰ

ਕੀ ਦਿਲ ਵਿੱਚ ਲੈ ਗਰੀਬ ਸੌਂਦੇ, ਤੇ ਲੈ ਕੇ ਸੌਂਦੇ ਅਮੀਰ
ਦੌਲਤਾਂ ਸ਼ੋਹਰਤਾਂ Luxury, ਕਈ ਸੋਚਦੇ ਨੇ ਰੋਟੀ ਟੁੱਕ ਦਾਣੇ
ਦਿਲ ਦੀਆਂ ਰਮਜ਼ਾਂ ਨੂੰ ....

ਗੱਭਰੂ ਜੋਸ਼ ਨਾਲ ਸੋਚਦੇ, ਰੰਗ ਰੂਪ ਦਾ ਸੋਚਣ ਮੁਟਿਆਰਾਂ
ਕਈ ਸਾਰਾ ਦਿਨ ਜਿੱਤ ਸੋਚਦੇ, ਕਈ ਸੋਚਦੇ ਰਹਿੰਦੇ ਹਾਰਾਂ,
ਸੋਚਾਂ ਵਿੱਚ ਗਰੀਬ ਬਣਦੇ ਤੇ ਕਈ ਬਣ ਜਾਂਦੇ ਨੇ ਰਾਣੇ
ਦਿਲ ਦੀਆਂ ਰਮਜ਼ਾਂ ਨੂੰ ....

ਕੀ ਰਾਂਝੇ ਸੋਚਦੇ ਫਿਰਨ, ਕੀ ਸੋਚਦੀਆਂ ਫਿਰਦੀਆਂ ਹੀਰਾਂ,
ਸੋਚਾਂ ਨਾਲ ਬਣਦੀਆਂ ਨੇ, ਸਭਨਾ ਦੀਆਂ ਤਕਦੀਰਾਂ,
ਸੋਚਾਂ ਨਾਲ ਬੁਣਦੇ ਰਹੋ, ਓਸ ਦੀ ਰਜ਼ਾ ਵਿੱਚ ਤਾਣੇ,
ਦਿਲ ਦੀਆਂ ਰਮਜ਼ਾਂ ਨੂੰ ....

# 33. ਲਾਕ



ਕਦੇ ਆਕੇ ਚਾਬੀ ਪਾ ਜੋ, ਥੋਡੇ ਜਰ ਖਾ ਗਈ ਲਾਕ ਵੇ
ਬਾਹਰ ਨੂੰ ਗਈਆਂ ਹੀਰਾਂ, ਤੇ ਪਿੱਛੇ ਤੁਰ ਗਏ ਚਾਕ ਵੇ
ਕਦੇ ਆਕੇ ਚਾਬੀ .....

ਬਾਹਰਲੀ ਚੁਗਾਠ 'ਤੇ ਤਰੇੜ ਆਈ ਪਈ ਐ
ਅੰਦਰੋਂ ਤਾਂ ਸਿਉਂਕ ਨੇ ਮਿੱਟੀ ਬਣਾਈ ਪਈ ਐ
ਤਖ਼ਤਾ ਲੱਗੇ ਡਿੱਗ ਪੂ, ਤੇ ਡਿੱਗ ਕੇ ਹੋਣਾ ਖਾਕ ਵੇ
ਕਦੇ ਆਕੇ ਚਾਬੀ .....

ਕੰਧੋਲੀ ਵਾਲੀ ਮੋਰਨੀ ਤਾਂ ਕੰਧ 'ਚ ਹੀ ਰਲ਼ ਗਈ

ਨਲਕੇ ਦੀ ਬੋਕੀ ਵੀ ਤਾਂ ਪਈ ਪਈ ਗਲ਼ ਗੀ
ਕਿਹੜਾ ਗੇੜੂ ਤੇ ਕਿਹੜਾ ਮਾਰੂ ਹਾਕ ਵੇ
ਕਦੇ ਆਕੇ ਚਾਬੀ .....

ਕੰਧਾਂ ਕੌਲ਼ੇ ਤਖ਼ਤੇ ਸਵਾਤਾਂ ਨੇ ਖੁਆਬ ਹੋਏ
ਗਾਡਰ ਬਾਲੇ ਸ਼ਤੀਰ ਫੱਟੇ ਪਏ ਨੇ ਖਰਾਬ ਹੋਏ
ਲੈ ਜਾਣਗੇ ਖਰੀਦ, ਫਿਰਦੇ ਨੇ ਗਾਹਕ ਵੇ
ਕਦੇ ਆਕੇ ਚਾਬੀ .....

ਦੇਖਣਾ ਹੁਣ ਕੀਹਨੇ ਐਥੋਂ ਵਾਲਾ ਨਕਸ਼ਾ
ਲਮਕਿਆ ਜਾ ਪਿਆ ਬਾਹਰ ਵਾਲਾ ਬਕਸਾ
ਨਾ ਹੀ ਆਉਣਾ ਡਾਕੀਆ, ਨਾ ਆਵੇ ਡਾਕ ਵੇ
ਕਦੇ ਆਕੇ ਚਾਬੀ .....

ਸੱਜੇ ਪਾਸੇ ਬਾਰ ਦੇ, ਚੱਕੀ ਓਵੇਂ ਉਥੇ ਪਈ ਐ
ਜੀਹਨੇ ਸਾਰੇ ਦਾਣਿਆਂ ਦੀ ਆਕੜ ਵੀ ਸਹੀ ਐ
ਪਈ ਹੀ ਰਹਿ ਜਾਣੀ ਜਿਓਂ ਚੁੱਲ੍ਹੇ ਦੀ ਰਾਖ ਵੇ
ਕਦੇ ਆਕੇ ਚਾਬੀ .....

# 34. ਵੇਖਿਆ



ਮੈਂ ਲਿਖ ਕੇ ਵੇਖਿਆ, ਇਕ ਲਿਖਤ ਤਿਆਰ ਹੋ ਗਈ,
ਕੁਝ ਦਿਨਾਂ ਵਿੱਚ ਹੀ, ਉਹ ਮੇਰਾ ਸੰਸਾਰ ਹੋ ਗਈ
ਇਹ ਜਾਪੇ ਕਿ ਸਾਰਾ ਕੁਝ ਓਸ ਦੁਆਲੇ ਘੁੰਮ ਰਿਹੈ
ਮੇਰੇ ਲਈ ਤਾਂ ਉਹ, ਸੱਜਣਾਂ ਦਾ ਪਿਆਰ ਹੋ ਗਈ।

ਕੁਝ ਵੀ ਲਿਖਿਆ ਨਹੀਂ, ਕਦੇ ਵੀ ਕਿਸੇ ਬਾਰੇ
ਨਾ ਲਿਖੇ ਸੂਰਜ, ਨਾ ਚੰਦਰਮਾ ਨਾ ਕਦੇ ਤਾਰੇ
ਨਾ ਹੀ ਢੋਲੇ ਮਾਈਏ, ਨਾ ਸ਼ਿਵ ਵਾਂਗੂ ਹੰਝੂ ਖਾਰੇ
ਪਰ ਲੱਗੇ ਜਿਵੇਂ ਕਿਸੇ ਨਾਲ ਕੀਤਾ ਕਰਾਰ ਹੋ ਗਈ

ਮੇਰੇ ਲਈ ਤਾਂ ਇਹ, ਸੱਜਣਾਂ .....

ਬੁਢਾਪਾ ਬਚਪਨ ਨਹੀਂ ਲਿਖੇ ਨਾ ਕਦੇ ਲਿਖੀ ਜਵਾਨੀ
ਅੱਖਰਾਂ ਨੇ ਆਪੇ ਜੁੜ ਜੁੜਕੇ ਕੀਹਦੀ ਘੜ੍ਹੀ ਕਹਾਣੀ
ਵਾਕਾਂ ਨੇ ਵੀ 'ਕੱਠੇ ਹੋ ਕੇ ਕੀਤੀ ਇਹੋ 'ਜੀ ਘਾਣੀ
ਤੇ ਹੁਣ ਇਹ ਰੰਗੀਨ ਪੰਨਿਆਂ ਉੱਤੇ ਸਵਾਰ ਹੋ ਗਈ
ਮੈਂ ਲਿਖ ਕੇ ਦੇਖਿਆ .........

ਇਸ ਵਿੱਚ ਰੋਣੇ, ਹੰਝੂ, ਈਰਖਾ, ਡੁੱਬਣਾ, ਤਰਨਾ ਨਹੀਂ
ਨਾ ਕੋਈ ਆਇਆ ਗਿਆ, ਕਿਸੇ ਦਾ ਜੰਮਣਾ ਮਰਨਾ ਨਹੀਂ
ਕੋਈ ਧਰਮ ਸਿਆਸਤ ਝਗੜੇ ਨਹੀਂ ਕੋਈ ਸਾੜਨਾ ਸੜਨਾ ਨਹੀਂ
ਜਿੰਨਾਂ ਕਰਕੇ ਸਿਆਣੇ ਕਹਿੰਦੇ ਦੁਨੀਆਂ ਬੇਕਾਰ ਹੋ ਗਈ
ਮੈਂ ਲਿਖ ਕੇ ਦੇਖਿਆ ........

ਕੋਈ ਇਕ ਵਾਸਤੇ ਨਹੀਂ, ਕੋਈ ਹਜ਼ਾਰਾਂ ਵਾਸਤੇ ਨਹੀਂ
ਕੋਈ ਚੌਧਰ ਬਾਰੇ ਨਹੀਂ, ਕੋਈ ਸਰਕਾਰਾਂ ਵਾਸਤੇ ਨਹੀਂ
ਨਾ ਗਰੀਬ ਅਮੀਰ ਬਾਰੇ, ਨਾ ਚੰਗੀ ਮੰਦੀ ਤਕਦੀਰ ਬਾਰੇ
ਨਾ ਫ਼ੱਕਰਾਂ ਪੀਰ ਫ਼ਕੀਰ ਬਾਰੇ, ਨਾ ਰਾਂਝੇ ਦੀ ਹੀਰ ਬਾਰੇ
ਫੇਰ ਵੀ ਪੰਨਿਆਂ ਦਾ ਹਰ ਥਾਈਂ ਸਿੰਗਾਰ ਹੋ ਗਈ
ਮੈਂ ਲਿਖ ਕੇ ਦੇਖਿਆ .........

# 35. ਆਸ਼ਕ



ਆਸ਼ਕਾਂ ਦੇ ਹੰਝੂਆਂ ਤੋਂ ਬਣਿਆ ਸਮੁੰਦਰ ਸੱਜਣਾ
ਪਾਣੀ ਖਾਰਾ ਜੋ ਏਹਦੇ 'ਚ ਓਹੀ ਅੱਖਾਂ ਅੰਦਰ ਸੱਜਣਾ
ਕਈ ਡੁੱਬ ਗਏ ਏਸ ਪਾਣੀ 'ਚ
ਬਚੇ ਹੋਏ ਬਣੇ ਪੀਰ ਪੈਗੰਬਰ ਸੱਜਣਾ
ਆਸ਼ਕਾਂ ਦੇ ਹੰਝੂਆਂ .....

ਆਸ਼ਕਾਂ ਦੇ ਹੰਝੂ ਕਈ ਮੋਤੀ ਬਣ ਜਾਂਦੇ
ਇਹਨਾਂ ਮੋਤੀਆਂ ਨਾਲ ਨਾ ਬਣੇ ਸਕੰਦਰ ਸੱਜਣਾ
ਆਸ਼ਕਾਂ ਦੇ ਹੰਝੂਆਂ .....

ਏਸ ਜਗ 'ਤੇ ਜਿਓਣਾ ਕਾਹਦਾ ਆਸ਼ਕਾਂ ਦਾ
ਇਸ਼ਕ ਕੰਜਰੀ ਕਰਦਾ ਜਾਂ ਕਰਦਾ ਕੰਜਰ ਸੱਜਣਾ
ਆਸ਼ਕਾਂ ਦੇ ਹੰਝੂਆਂ .....

ਆਸ਼ਕਾਂ ਦੇ ਸਰੀਰਾਂ 'ਚ ਖ਼ੂਨ ਨਹੀਂ ਓਹ ਦੌੜਦਾ
ਖੋਭ ਕੇ ਦੇਖਲੈ ਭਾਵੇਂ ਦਿਲ ਵਿੱਚ ਖੰਜਰ ਸੱਜਣਾ
ਆਸ਼ਕਾਂ ਦੇ ਹੰਝੂਆਂ .....

ਆਸ਼ਕਾਂ ਦੀ ਦੁਨੀਆਂ ਦੇ ਅੱਡ ਰੰਗ ਤਮਾਸ਼ੇ ਨੇ
ਦਿਖਾਵਾਂਗੇ ਕਦੇ ਤੈਨੂੰ ਇਹਦਾ ਵੀ ਮੰਜ਼ਰ ਸੱਜਣਾ
ਆਸ਼ਕਾਂ ਦੇ ਹੰਝੂਆਂ .....

ਆਸ਼ਕ ਮਸ਼ੂਕ ਨੂੰ ਮਿਲਦੇ ਵੇਖਣਾ ਏ
ਅੰਤਰ ਝਾਤੀ ਮਾਰੀਂ, ਨਾ ਮਸੀਤ ਨਾ ਮੰਦਰ ਸੱਜਣਾ
ਆਸ਼ਕਾਂ ਦੇ ਹੰਝੂਆਂ .....

ਓਹਦਾ ਹੱਥ ਫੜ ਲੈ, ਓਸ ਜੈਸਾ ਖਸਮ ਨਹੀਂ
ਐਵੇ ਨਾ ਲੱਭਦਾ ਫਿਰ, ਨਵਾਂ ਪਤੰਦਰ ਸੱਜਣਾ
ਆਸ਼ਕਾਂ ਦੇ ਹੰਝੂਆਂ .....

# 36.ਜਾਗਦੇ ਰਹਿਣਾ



ਕੋਈ ਆਵੇ ਕੋਈ ਜਾਵੇ, ਕਿਸੇ ਨੇ ਕੀ ਲੈਣਾ
ਹੋਕਾ ਹੈ ਹਰ ਪਾਸੇ, ਬਾਈ ਜਾਗਦੇ ਰਹਿਣਾ
ਬਾਈ ਜਾਗਦੇ ਰਹਿਣਾ

ਕੀ ਹੋਇਆ ਦੁਨੀਆਂ ਨੂੰ, ਅੱਜ ਉਖੜੀ 'ਜੀ ਲਗਦੀ ਏ,
ਦੁਖੀ ਆਸ਼ਕਾਂ ਵਾਂਗੂ, ਅੱਜ ਉਜੜੀ 'ਜੀ ਲਗਦੀ ਏ,

ਏਹੋ ਜਿਹੇ ਨੂੰ ਛੇੜ ਲਿਆ, ਪੰਗਾ ਪੈਣਾ ਹੀ ਪੈਣਾ
ਬਾਈ ਜਾਗਦੇ ਰਹਿਣਾ ......

ਗੱਲ ਸੁਣੀ, ਸਹੀ ਹੁੰਦੇ ਨਹੀਂ ਹਮੇਸ਼ਾ, ਨਿਸ਼ਾਨੇ ਤੀਰਾਂ ਦੇ
ਗੱਲ ਸੁਣੀ, ਖਾਲੀ ਹੁੰਦੇ ਨਹੀਂ ਕਦੇ ਪੈਮਾਨੇ ਅਮੀਰਾਂ ਦੇ,
ਪਰ ਗੁਰਬਤ ਵਿੱਚ ਖਾਲੀ ਦਾ ਦੁੱਖ ਸਹਿਣਾ ਹੀ ਸਹਿਣਾ
ਬਾਈ ਜਾਗਦੇ ਰਹਿਣਾ ਬਾਈ ਜਾਗਦੇ ਰਹਿਣਾ
ਕੋਈ ਆਵੇ ਕੋਈ ਜਾਵੇ, ਕਿਸੇ ਨੇ ਕੀ ਲੈਣਾ
ਪਰ, ਬਾਈ ਜਾਗਦੇ ਰਹਿਣਾ ......

ਡੁੱਬਦੇ ਸੂਰਜ ਇਕ ਦਿਨ ਨੂੰ ਮੁਕਾ ਦਿੰਦੇ ਦੇਖਿਆ ਮੈਂ,
ਹਨ੍ਹੇਰੇ ਕਈ ਫ਼ੁੱਲਾਂ ਨੂੰ ਝੁਕਾ ਦਿੰਦੇ ਦੇਖਿਆ ਮੈਂ,
ਮੌਕੇ ਮੁਤਾਬਕ ਢਲ਼ ਜਾਣਾ ਇਹ ਕਈਆਂ ਦਾ ਕਹਿਣਾ
ਪਰ ਬਾਈ ਜਾਗਦੇ ਰਹਿਣਾ ...........

ਸਿਆਣੇ ਗੱਪੀ ਗਾਲ੍ਹੜੀ ਤੋਂ ਟਲ਼ਦੇ ਨੇ, ਟਲ਼ਣਾ ਪੈਂਦਾ ਹੈ
ਦਰਿਆ ਸਮੁੰਦਰ ਵਿੱਚ ਰਲ਼ਦੇ ਨੇ, ਰਲ਼ਣਾ ਪੈਂਦਾ ਹੈ
ਉੱਪਰੋਂ ਥੱਲੇ ਨੂੰ ਹਮੇਸ਼ਾ, ਪਾਣੀ ਵਹਿਣਾ ਹੀ ਵਹਿਣਾ
ਬਾਈ ਜਾਗਦੇ ਰਹਿਣਾ ......

ਦੁਖੀ ਆਸ਼ਕਾਂ ਵੱਲ ਕੋਈ ਵੀ ਚਹਿਰਾ ਹਸ ਆਉਂਦਾ ਨਹੀਂ
ਗੇਂਦਿਆਂ 'ਚੋਂ ਮਹਿਕ ਤੇ ਗੁਲਾਬ ਦਾ ਰਸ ਆਉਂਦਾ ਨਹੀਂ
ਇਸ਼ਕ ਬੰਦਗੀ ਹੈ ਆਸ਼ਕ ਭੌਰਾ ਰਹਿਣ ਹੀ ਰਹਿਣਾ
ਬਾਈ ਜਾਗਦੇ ਰਹਿਣਾ ......

# 37. ਸੋਚ



ਜੋ ਹੋਣਾ ਸੀ ਹੋ ਨਿਬੜਿਆ, ਆਉਂਦੇ ਬਾਰੇ ਸੋਚ ਬਾਈ
ਔਖੇ ਦਿਨ ਲੰਘ ਚੱਲੇ ਨੇ, ਗਾਹਾਂ ਤੋਂ ਰੱਖੀ ਸੰਕੋਚ ਬਾਈ

ਹੁੰਦਾ ਚੜ੍ਹਦੇ ਸੂਰਜ ਨਾਲ ਇਮਤਿਹਾਨ ਸ਼ੁਰੂ
ਕਦੇ ਹਸਦੇ ਹੋਏ ਕਦੇ ਦਿਨ ਪਰੇਸ਼ਾਨ ਸ਼ੁਰੂ
ਸਹੀ ਰੱਖ ਰਵੱਈਆ ਤੂੰ, ਆਉਣੀ ਨਾ ਕਦੇ ਖਰੋਚ ਬਾਈ

ਹਰ ਪਾਸਿਓਂ ਹੋਣੇ ਹਮਲੇ ਦੁਨੀਆਂਦਾਰੀ ਦੇ
ਗਿਣ ਲੈਂਦੇ ਨੇ ਨੁਕਸ ਲੋਕ ਇਮਾਨਦਾਰੀ ਦੇ
ਡੋਲੀ ਨਾ ਕਦੇ ਵੀ, Positive ਰੱਖੀਂ approach ਬਾਈ

ਡੰਗਣਾ ਸੱਪਾਂ ਨੇ ਤੇ ਦੇਣਾ ਜ਼ਹਿਰਾਂ ਨੂੰ
ਨਿੰਦਿਆ ਛੱਡ ਦੇ, ਦੂਰ ਕਰਦੇ ਗੈਰਾਂ ਨੂੰ
ਆਪਣੇ ਵੱਲੋਂ ਆਪਣੇ ਬੋਲ, ਜ਼ਹਿਰ ਬਣਨੇ ਬੋਚ ਬਾਈ
ਔਖੇ ਦਿਨ ਲੰਘ ਗਏ, ਗਾਹਾਂ ਤੋਂ ਰੱਖੀਂ ਸੰਕੋਚ ਬਾਈ

ਜਾ ਕੋ ਰਾਖੇ ਸਾਂਈਆਂ, ਮਾਰ ਸਕੇ ਨਾ ਕੋਏ
ਆਤੇ ਹੈਂ ਸਭ ਹਸਤੇ, ਜਾਤੇ ਹੈਂ ਸਭ ਰੋਏ
ਹੋਰਾਂ ਨੂੰ ਛੱਡ ਪਰਾਂ, ਦਾਤਾ ਤੇਰਾ ਕੋਚ ਬਾਈ
ਔਖੇ ਦਿਨ ਲੰਘ ਗਏ, .............

# 38. ਤੇਰੀ ਦੀਦ



ਤੇਰੀ ਦੀਦ ਹੋ ਜੇ, ਮੱਥਾ ਟੇਕ ਹੋ ਜਾਵੇ
ਅੱਖਾਂ ਬੰਦ, ਪਰ ਫੇਰ ਵੀ ਦੇਖ ਹੋ ਜਾਵੇ
ਕਰਨੀ ਤੇ ਲਿਖਣੀ, ਮੇਰੀ ਨੇਕ ਹੋ ਜਾਵੇ
ਡੂੰਘੀ ਐਦਾਂ ਜਿਵੇਂ ਖੁੱਬੀ ਮੇਖ ਹੋ ਜਾਵੇ
ਅੱਖਰ ਐਸੇ ਹੋਣ, ਦਿਲ ਛੇਕ ਹੋ ਜਾਵੇ
ਉਕਰਦਾ ਰਹਾਂ ਸਫ਼ਿਆਂ 'ਤੇ ਖ਼ਿਆਲਾਂ ਨੂੰ
ਲਿਖ ਲਿਖ ਕੇ ਫੇਰ ਮੁੱਲ ਏਕ ਹੋ ਜਾਵੇ ...

ਖ਼ੁਆਬਾਂ 'ਚ ਤੁਰੀ ਫਿਰਦੀ ਆਦਤ ਨਾ ਹੋ ਜਾਵੇ

ਮਿਲਣ ਦਾ ਚਾਅ, ਚਾਹ 'ਤੇ, ਚਾਹਤ ਨਾ ਹੋ ਜਾਵੇ
ਉਠਦੇ ਬਹਿੰਦੇ ਨਾਂ ਲੈਣਾ, ਇਬਾਦਤ ਨਾ ਹੋ ਜਾਵੇ
ਮੈਂ ਮਖੌਲੀ ਹਾਂ ਕਿਤੇ ਮੈਥੋ ਸ਼ਰਾਰਤ ਨਾ ਹੋ ਜਾਵੇ
ਲੁਕ ਕੇ ਕੀਤਾ ਹੋਇਆ ਸਾਬਤ ਨਾ ਹੋ ਜਾਵੇ
ਆਦਤ ਪਈ ਹੋਏ ਹੈ ਤਪਣ ਦੀ
ਟਿੱਬੇ 'ਤੇ ਪੈਂਦੇ ਮੀਂਹ ਵਾਲੀ ਰਾਹਤ ਨਾ ਹੋ ਜਾਵੇ

ਭੱਜੀ ਫਿਰਦੀ ਹੈ ਸੁਪਨੇ 'ਚ, ਥਕਾਵਟ ਨਾ ਹੋ ਜਾਵੇ
ਕੋਈ ਰੋੜ ਕੰਡਾ ਕੱਚ ਕੋਈ, ਰੁਕਾਵਟ ਨਾ ਹੋ ਜਾਵੇ
ਸੋਨੇ ਵਾਂਗ ਚਮਕ ਰੱਖੇ, ਮਿਲਾਵਟ ਨਾ ਹੋ ਜਾਵੇ
ਦਿਲ ਸਾਂਭਣ ਨੂੰ ਦਿੱਤਾ, ਕਿਤੇ ਸਜਾਵਟ ਨਾ ਹੋ ਜਾਵੇ
ਲੋਕੀ ਭੰਡਦੇ ਨੇ, ਚੰਡਦੇ ਨੇ, ਵੰਡਦੇ ਨੇ
ਆਪਣਾ ਪਿਆਰ ਦੇਖੀਂ ਕਿਤੇ ਬਨਾਵਟ ਨਾ ਹੋ ਜਾਵੇ ...........

# 39. ਜੋੜਨਾ ਜੁੜਨਾ



ਮੈਂ ਸੋਚੀ ਜਾਵਾਂ

"ਇਕ ਰੂਹ ਇਕਾਗਰ ਬੈਠੀ ਇਕ ਭੱਜਦੀ ਰਹਿੰਦੀ
ਕਿਸੇ ਦੇ ਹੱਥੀਂ ਮਾਲਾ ਏ ਤੇ ਕਿਸੇ ਦੇ ਮਹਿੰਦੀ
ਇਕ ਪਾਸੇ ਮਨ ਜੁੜਿਆ ਦੂਜੀ ਦੁੱਖ ਸਹਿੰਦੀ
ਤੇਰ ਮੇਰ 'ਚ ਤੇਰੀ ਮੇਰੀ ਰਹਿੰਦੀ ਕਹਿੰਦੀ

ਇਹ ਰੱਬ ਕਰਦਾ ਏ ਕਿ ਦੁਨੀਆਂ ਪੰਗੇ ਲੈਂਦੀ
ਬੋਲੀ ਵੀ ਹੁਣ ਵੰਡ ਲਓ ਚੜ੍ਹਦੀ ਲਹਿੰਦੀ
ਇਕ ਦੇ ਟੋਟੇ ਹੋ ਜਾਣ ਚਾਰ ਪੰਜ ਜਦੋਂ
ਜਾਣੇ ਭਾਈ ਓਹੀ ਜੀਹਦੇ 'ਤੇ ਪੈਂਦੀ ........... "

ਫੇਰ ਖ਼ਿਆਲ ਆਇਆ

"ਇਹ ਆਵਦੇ ਆਪ ਹੋ ਰਿਹਾ ਜਾਂ ਕੋਈ ਕਰਦਾ
ਮਸਲਾ ਇਹ ਬਾਹਰਲਾ ਜਾਂ ਅੰਦਰ ਘਰਦਾ
ਚੱਕਰ 'ਚ ਪਏ ਸਾਰੇ ਕੌਣ ਕੀਹਦੀ ਜਰਦਾ
ਕੋਈ ਮਾਲਕ ਬਣ ਗਿਆ ਕੋਈ ਫ਼ਰਿਆਦੀ ਕਰਦਾ
ਕੋਈ ਆਣ ਖਲੋਤੇ ਸਾਹਮਣੇ ਕੋਈ ਜਾਣੋ ਡਰਦਾ
ਮੈਂ ਹੀ ਮੱਤ ਤੂੰ ਕਦੇ ਡੋਲਦਾ, ਡੋਲਕੇ ਭਰਦਾ

ਘਰੇ ਜੁਆਬ ਨੀ ਮਿਲਣਾ ਲੱਭਣਾ ਪਊ
ਬੁੱਲ੍ਹੇ 'ਵਾਂਗੂ ਤੁਰ ਪਿਆ ਚੱਕਣ ਨੂੰ ਪਰਦਾ"

ਫੇਰ ਅਗਲੇ ਦਿਨ

" ਤੁਰਦਾ ਤੁਰਦਾ ਸ਼ਹਿਰ ਪਹੁੰਚ ਗਿਆ
ਟੱਪ ਕੇ ਵੱਡੀ ਨਹਿਰ ਪਹੁੰਚ ਗਿਆ
ਦੇਖੇ ਮਹਿਲ ਮੁਨਾਰੇ ਨਵੀਆਂ ਥਾਵਾਂ
ਸੋਚਿਆ ਸੱਚੇ ਦੇ ਹੁਣ ਦੁਆਰੇ ਜਾਵਾਂ
ਸਮਝਾਂ ਆਪਣੇ ਆਪ ਨੂੰ ਸੁਭਾਗੀ
ਅੰਦਰ ਨਵੀਂ ਉਮੀਦ ਸੀ ਜਾਗੀ
ਗਾਹਾਂ, ਚਿੱਟਾ ਪਾਈ ਬੈਠਾ ਬਾਣਾ
ਚਿੱਟੀ ਦਾੜ੍ਹੀ ਲੱਗੇ ਬੁੜ੍ਹਾ ਸਿਆਣਾ

ਕਿਧਰੋਂ ਆਇਐ, ਕਿੰਨਾ ਦੇ ਜਾਣਾ
ਉਮਰ ਤੋਂ ਲੱਗੇ ਤੂੰ ਪੁੱਤ ਨਿਆਣਾ
ਮਨ ਫਸਿਆ ਹੋਇਆ ਹਾਲਤ ਗਾਰੇ ਦੀ
ਮੈਂ ਦੱਸ ਤੀ ਖੁਆਇਸ਼ ਦੁਆਰੇ ਦੀ

ਕਹਿੰਦਾ- ਕਾਮਿਆਂ ਦੇ ਕਿ ਜਿਮੀਦਾਰਾਂ ਦੇ
ਜੱਟਾਂ ਦੇ ਕਿ ਸਰਦਾਰਾਂ ਦੇ
ਛੋਟੀਆਂ ਕਿ ਜਾਤੀਆਂ ਬੜੀਆਂ ਦੇ
ਛੀਂਬਿਆਂ ਦੇ ਕਿ ਰਾਮਗੜ੍ਹੀਆਂ ਦੇ
ਮੇਰੇ ਥੱਲੋਂ ਕੁਰਸੀ ਰਿਸਕਗੀ
ਅਸਮਾਨ ਫਟਿਆ ਧਰਤੀ ਖਿਸਕਗੀ
ਨੋਟ ਚਲਦੇ ਕਿ ਭਾਨ ਨੀ ਪੁੱਛੀ
ਦੁਆਰਾ ਪੁੱਛਿਆ ਦੁਕਾਨ ਨੀ ਪੁੱਛੀ
ਧਰਤੀ ਦਾ ਕਣ-ਕਣ ਗੰਦਾ ਹੋ ਜੂ
ਧਰਮ ਵੀ ਜਿਸ ਦਿਨ ਧੰਦਾ ਹੋ ਜੂ
ਮੁੜਿਆ, ਬਾਬੇ ਨੂੰ ਫ਼ਤਿਹ ਬੁਲਾਈ
ਮੈਂ ਤਾਂ ਇਹ ਬਸ ਗੱਲ ਸੁਣਾਈ
ਕਿੱਧਰ ਹੱਕ ਸੱਚ, ਕਿੱਥੇ ਸੋਚ, ਕਿੱਥੇ ਬਾਬੇ ਦੀ ਕਮਾਈ

# 40. ਸੱਚੀਂ ਅਜੀਬ



ਦੱਸਣ ਲੱਗਿਆਂ ਵੀ ਅਜੀਬ ਲੱਗਦਾ
ਦੱਸਣ ਲੱਗਿਆਂ ਜੋ ਮੇਰੇ ਨਾਲ ਬੀਤੀ
ਮੈਂ ਵੀ ਓਹਨਾਂ ਵਾਂਗ ਬੇਇਮਾਨ ਹੋਇਆ
ਐਸੀ ਪਿਆਰ 'ਚ ਆ ਗਿਆ ਰਾਜਨੀਤੀ।
ਦੁੱਖ ਦੱਸ ਬੈਠੇ ਓਹਨਾਂ ਸੱਜਣਾ ਨੂੰ
ਸੁਣ ਕੇ ਸੱਜਣਾ ਨੇ ਫੇਰ ਸਾਥ ਛੱਡਿਆ
ਜਿਹੜਾ ਮੁਸ਼ਕਿਲ ਨਾ ਵਿੱਚ ਬੀਆਬਾਨ ਲਾਇਆ
ਓਹੀ ਰੁੱਖ ਓਹਨਾਂ ਨੇ ਆਪ ਵੱਢਿਆ।
ਦੁੱਖ ਦੱਸ ਬੈਠੇ ਜਿਹਨਾਂ ਸੱਜਣਾਂ ਨੂੰ

ਓਹਨਾਂ ਸੱਜਣਾ ਨੇ ਸਾਨੂੰ ਤਬਾਹ ਕੀਤਾ
ਸੁਪਨੇ ਦੇਖੇ ਜਿਹਨਾਂ ਮਿੱਤਰਾਂ ਨਾਲ
ਓਹਨਾਂ ਮਿੱਤਰਾਂ ਹਰ ਸੁਪਨਾ ਸੁਆਹ ਕੀਤਾ।
ਪਰ ਕੌਣ ਉਂਗਲ ਚੱਕਦਾ ਕਿਸੇ ਉੱਤੇ
ਜਿੰਨਾ ਚਿਰ ਨਾ ਕੋਈ ਝੱਗਾ ਚਕਦਾ
ਗੱਲਾਂ ਦੀਆਂ ਡਾਰਾਂ ਬਣਦੀਆਂ ਫੇਰ

ਨੰਗੇ ਢਿੱਡ ਨੂੰ ਜਦੋਂ ਸੰਸਾਰ ਤੱਕਦਾ।
ਦੋਸਤ ਮਿੱਤਰ ਸੱਜਣ ਨਾ ਰਹੇ ਮੇਰੇ
ਕੋਈ ਰਿਹਾ ਨਾ ਜੀਹਦੇ ਨਾਲ ਹੱਸਦਾ
ਦੇਖਾਂ ਅਕਸ਼ ਜਾ ਕੇ ਸ਼ੀਸ਼ੇ ਵਾਰ ਵਾਰ
ਮੈਨੂੰ ਓਹੀ ਸੱਚ ਤੇ ਝੂਠ ਦੱਸਦਾ।
ਸੌ ਲਵਜ਼ਾਂ ਤੋਂ ਵੀ ਨਾ ਬਣੇ ਗੱਲ
ਇਕ ਹੰਝੂ ਹੀ ਜੋ ਗੰਢ ਖੋਲ੍ਹ ਦਿੰਦਾ
ਨਾ ਲੋੜ ਹੁੰਦੀ ਬਾਹਲੀਆਂ ਦਲੀਲਾਂ ਦੀ
ਇਹ ਕਈ ਗੱਲ 'ਕੱਠੀਆਂ ਬੋਲ ਦਿੰਦਾ।
ਦੁਸ਼ਮਣਾਂ ਦੀ ਰਹਿੰਦੀ ਨਾ ਲੋੜ ਓਹਨੂੰ
ਜੀਹਦਾ ਯਾਰ ਹੀ, ਖੰਜਰ ਖੋਭ ਦਿੰਦਾ
ਓਹਦੇ ਬਚਣ ਦਾ ਕੋਈ ਸਵਾਲ ਹੀ ਨਹੀਂ
ਜੀਹਦਾ ਮਲਾਹ ਹੀ ਕਿਸ਼ਤੀ ਡੋਬ ਦਿੰਦਾ।
ਗੱਲ ਸੁਣ ਕੇ ਸਾਰੇ ਹੀ ਤੁਰ ਚੱਲੇ
ਮੇਰੇ ਨਾਲ ਖੜ੍ਹਦਾ ਨਾ ਕੋਈ ਬਹਿੰਦਾ ਵੇਖਿਆ

ਜਿਹੜੀ ਨਾਲ ਯਾਰਾਂ ਦੇ ਰਿਆਸਤ ਸੀ
ਓਹਦਾ ਮੁੱਢਲਾ ਕਿਲ੍ਹਾ ਹੀ ਢਹਿੰਦਾ ਵੇਖਿਆ।
ਅਖ਼ੀਰ ਅਕਲ ਨੂੰ ਹੱਥ ਮਾਰਿਆ ਮੈਂ
ਤੇ ਲੈਣ ਲੱਗਿਆ ਸਹਾਰਾਂ ਤਰਕਾਂ ਦਾ
ਜਿਹੜਾ ਸੁਰਗਾਂ ਨੂੰ ਜਾਂਦਾ ਲੱਗਦਾ ਸੀ
ਓਹੀ ਨਿਕਲਿਆ ਰਾਹ ਸੀ ਨਰਕਾਂ ਦਾ।
ਮਿਲਣਾ ਹੈ ਤਾਂ ਓਹਦਾ ਹੀ ਸਹਾਰਾ
ਰੱਖੀਏ ਨਾ ਸੁਪਨਾ ਮੰਗ ਤੇ ਉਮੀਦ ਦੱਬੀ
ਓਹੀ ਬਾਂਹ ਫੜਨ ਵਾਲਾ, ਸਭ ਓਹਦੇ
ਪਰ ਟਾਵਾਂ ਬੰਦਾ ਹੀ ਦਿੰਦਾ ਦੀਦ ਰੱਬੀ।

# 41. ਘਰ ਵਰਗੀ



ਘਰ ਵਰਗੀ ਕੋਠੀ ਮਿਲਜੂ ਪਰ ਘਰ ਨਹੀਂ
ਘਰ ਵਰਗੇ ਦਰਵਾਜੇ ਹੋਣਗੇ ਪਰ ਓਹ ਦਰ ਨਹੀਂ
ਘਰ ਵਰਗੀ ਹਾਸੀ ਮਿਲਜੂ ਪਰ ਅਨੰਦ ਨਹੀਂ
ਇੱਟਾਂ ਵੈਸੀਆਂ ਹੋਣਗੀਆਂ ਪਰ ਕੰਧ ਨਹੀਂ
ਘਰ ਵਰਗੀ ਧੂਫ ਤਾਂ ਲੱਗਜੂ ਪਰ ਮਹਿਕ ਨਹੀਂ
ਘਰ ਵਰਗੀ ਮਸਤੀ ਮਿਲਜੂ ਪਰ ਟਹਿਕ ਨਹੀਂ

ਘਰ ਵਰਗੀ ਘੜੀ ਤਾਂ ਮਿਲਜੂ ਪਰ ਟਾਇਮ ਨਹੀਂ
ਘਰ ਬੇਫ਼ਿਕਰੀ ਕੋਈ ਡਰ ਨਹੀਂ ਕੋਈ ਵਹਿਮ ਨਹੀਂ

ਘਰ ਵਰਗਾ ਬਿਸਤਰਾ ਮਿਲਜੂ ਪਰ ਨੀਂਦ ਨਹੀਂ
ਘਰ ਵਰਗਾ ਹੌਂਸਲਾ ਮਿਲਜੂ ਪਰ ਉਮੀਦ ਨਹੀਂ
ਘਰ ਵਰਗੀ ਸ਼ਾਂਤੀ ਮਿਲਜੂ ਪਰ ਸਕੂਨ ਨਹੀਂ
ਪਿੰਡ ਵਰਗਾ ਜ਼ਜਬਾ ਮਿਲਜੂ ਪਰ ਜਨੂਨ ਨਹੀਂ

ਘਰ ਵਰਗੀ ਤਵਜੋਂ ਮਿਲਜੂ ਪਰ ਪਿਆਰ ਨਹੀਂ
ਲੋਕ ਬਹੁਤੇ ਮਿਲ ਜਾਣੇ ਨੇ ਪਰ ਪਰਿਵਾਰ ਨਹੀਂ

ਬਾਹਰ ਸਿਆਣੇ ਮਿਲ ਜਂਦੇ ਨੇ ਮਾਂ ਬਾਪ ਨਹੀਂ
ਓਹਨਾਂ ਵਰਗੀ ਛੱਡਦਾ ਕੋਈ ਦਿਲ 'ਤੇ ਛਾਪ ਨਹੀਂ
ਓਹਨਾਂ ਕੋਲ ਹੁੰਦਾ ਯਾਦ ਰਹਿੰਦਾ ਆਪਣਾ ਆਪ ਨਹੀਂ
ਆਪਣਾ ਆਪ ਨਹੀਂ

# 42. ਸੰਡੇ ਮੰਡੇ



ਉਲਝ ਗਏ ਜਵਾਕ ਵਿੱਚ ਸੰਡੇ ਮੰਡੇ
ਕੁਤਕਤਾੜੀਆਂ ਰੁਲ਼ਗੀਆਂ ਵਿੱਚੇ ਘੋਰ ਕੰਡੇ ...
ਪੈੜੋ ਪੈੜ ਨਾ ਤੁਰਦੇ ਕਿਸੇ ਨੂੰ ਲੱਭਦੇ
ਨਾ ਦੇਖੇ ਸੀ ਨਾ ਦਿਖੇ ਮੁੜਕੇ ਚੂਹੇ ਲੰਡੇ
ਉਲਝ .........

ਅਬਲਾ ਸਬਲਾ ਰਿਹਾ ਨਹੀਂ ਨਾ ਅੱਲਮ ਗੱਲਮ
ਬੋਲੀ ਦੇ ਫੱਟ ਲਗ ਗਏ ਕਿਵੇਂ ਲਾਈਏ ਮੱਲ੍ਹਮ
ਅੰਗਰੇਜ਼ੀ ਵਾਲੇ ਸਲਾਹੇ ਜਾਂਦੇ ਕਿਉਂ ਪੰਜਾਬੀ ਭੰਡੇ

ਉਲਝ ਗਏ ਜਵਾਕ ਵਿੱਚ ਸੰਡੇ ਮੰਡੇ ....

ਯੋਧੇ ਵੀ ਵਿਰਲੇ ਹੈਗੇ ਸਾਰੇ ਨਾਜ਼ੁਕ ਤਾਂ ਨੀ
ਤਰਕਾਂ ਵਾਲੇ ਵੀ ਹੈਗੇ ਸਾਰੇ ਭਾਵੁਕ ਤਾਂ ਨੀ
ਫ਼ੁੱਲ ਵੀ ਕਹਿੰਦੇ ਸੋਭਦੇ ਵਿੱਚ ਹੋਵਣ ਕੰਡੇ
ਉਲਝ ....

ਚਿੜੀ ਵੀ ਉੱਡਦੀ ਰਹੇ ਨਾਲ ਕਾਂ ਵੀ ਉੱਡੇ
ਤੁਰੇ ਫਿਰਨ ਦੋ ਇਹਨਾਂ ਨੂੰ ਮਾਰਨ ਦੋ ਠੁੱਡੇ
ਬਾਹਲੇ ਬੈਵਤੀ ਹੋ ਜਾਣ ਫੇਰ ਜਾਣ ਚੰਡੇ
ਉਲਝ .....

ਭੁੱਲੀਏ ਨਾ ਆਪ ਵੀ ਕਦੇ ਮੱਸਿਆ ਪੁੰਨਿਆ
ਚਿੜੀ ਬਣਾਂ ਦੀਂ ਬੀਬੀ ਜਦੋਂ ਆਟਾ ਗੁੰਨਿਆ
ਚਿੜੀ ਡੱਕੇ 'ਚ ਲਗਦੀ ਕਹਿੰਦੇ ਨੀ ਡੰਡੇ
ਉਲਝ ਗਏ ਸੀ ਜਵਾਕ ਵਿੱਚ ਸੰਡੇ ਮੰਡੇ
ਆਂਡਿਆਂ ਨੂੰ ਲੱਗੇ ਸੀ ਕਹਿਣ ਅੰਡੇ
ਪਿਆਜ ਹੋਣੀ ਬਣੇ ਅੱਜਕੱਲ ਗੰਡੇ
ਕਦੇ ਗਰਮ ਖਿਆਲੀ ਕਦੇ ਬਣੋ ਠੰਡੇ
X Box ਦੀ ਥਾਂ ਯਾਦ ਰੱਖੋ ਤੇਗਾਂ ਤੇ ਖੰਡੇ
ਉਲਝੋ ਨਾ ਬਾਹਲਾ ਵੀ ਵਿੱਚ ਸੰਡੇ ਮੰਡੇ ...

# 43. ਰੌਲ਼ੇ ਦੀ ਵਜ੍ਹਾ - ਧੀ ਦੀ ਰਜ਼ਾ



ਰੌਲ਼ੇ ਦੀ ਵਜ੍ਹਾ ਕੀ ਹੈ
ਜਨਮ ਕੀ ਤੇ ਕਜਾ ਕੀ ਹੈ
ਗ਼ੁਲਾਮੀ ਦੀ ਤਾਂ ਸੁਣੀ ਸੀ
ਅਜ਼ਾਦੀ ਦੀ ਸਜ਼ਾ ਕੀ ਹੈ?

ਸੋਚਾਂ ਵਿੱਚ ਸੁੰਡ ਪਏ ਨੇ
ਰੁਕਾਵਟ ਵਾਲੇ ਘੁੰਡ ਪਏ ਨੇ
ਜ਼ੁਰਮ ਤਾਂ ਪਤਾ ਲੱਗੇ ਨਾ
ਫੇਰ ਸਜ਼ਾ ਦਾ ਮਜ਼ਾ ਕੀ ਹੈ?

ਰੌਲ਼ੇ ਦੀ ਵਜ੍ਹਾ ਕੀ ਹੈ ....

ਸੁਣਨ ਦੀ ਥਾਂ ਚੀਕਦੇ ਨੇ
ਘਰੇ ਮਾਪੇ ਉਡੀਕਦੇ ਨੇ
ਸ਼ਾਂਤੀ ਚੈਨ ਸਕੂਲ ਮਿਲੇ
ਐਸੀ ਓਹ ਜਗਾਹ ਕੀ ਹੈ?
ਰੌਲ਼ੇ ਦੀ ਵਜ੍ਹਾ ....

ਬਣਿਆ ਪਿਆ ਅਸੂਲ ਹੀ ਹੈ
ਸਿਰ ਢਕਿਆ ਪੈਰ 'ਚ ਸੂਲ ਹੀ ਹੈ
ਰੱਬ ਦੀ ਹੈ ਬੰਦੇ ਦੀ ਹੈ
ਕੌਣ ਪੁੱਛੇ ਧੀ ਦੀ ਰਜ਼ਾ ਕੀ ਹੈ?
ਰੌਲ਼ੇ ਦੀ ਵਜ੍ਹਾ ....

# ੪੪. ਮੱਝ ਦਾ ਦੁੱਧ



ਕੋਈ ਕਹਿੰਦਾ ਜ਼ਿੰਦਗੀ ਆਪਾਂ, ਐਦਾਂ ਜਾਂ ਓਦਾਂ ਜੀਨੇ ਆਂ
ਸੱਚ ਇਹ ਹੈ ਆਪਣੀ ਮੱਝ ਦਾ ਦੁੱਧ, ਸੌ ਕੋਹ ਜਾ ਪੀਨੇ ਆਂ

ਜੈਸਾ ਬੀਜਦੇ ਹਾਂ ਵੈਸਾ ਲਾਜ਼ਮੀ ਹੈ ਵੱਢਣਾ,
ਕੌਣ ਦਿਲ 'ਚ ਵਸਾਉਂਦਾ ਤੇ ਕੀਹਨੂੰ ਕੱਢਣਾ,
ਕਿਸੇ ਲਈ ਰਗਾਂ ਦਾ ਖ਼ੂਨ, ਤੇ ਕਿਸੇ ਲਈ ਪੂੰਝਣ ਨੂੰ ਪਸੀਨੇ ਆਂ
ਸੱਚ ਇਹ ਹੈ ਆਪਣੀ ਮੱਝ ਦਾ ਦੁੱਧ, ਸੌ ਕੋਹ ਜਾ ਪੀਨੇ ਆਂ

ਲਾ ਲਈ ਤਾਂ ਫੇਰ ਪਿੱਠ ਕੀ ਦਿਖਾਉਣੀ,
ਕੰਮ ਐਸਾ ਨਾ ਕਰੋ ਹੋਵੇ ਅੱਖ ਝੁਕਾਉਣੀ,

ਜਿੰਨੇ ਵੱਡੇ ਤੋਪਾਂ ਤੀਰ, ਓਨੇ ਹੀ ਵੱਡੇ ਝੱਲਣ ਨੂੰ ਸੀਨੇ ਆਂ
ਸੱਚ ਇਹ ਹੈ .....

ਕੋਲੇ ਦੀਆਂ ਰਗੜਾਂ ਰੁਗੜਾਂ ਖਾਂਦਾ ਰਹਿੰਦਾ ਹੀਰਾ
ਝੱਲਣ ਕਰਕੇ ਬਹੁਤ ਜ਼ਿਆਦਾ ਮੁੱਲ ਪੈਂਦਾ ਹੀਰਾ
ਮੰਨਣ 'ਤੇ ਹੈ ਚੰਡਣ 'ਤੇ ਹੈ, ਕੋਲੇ ਹਾਂ ਕਿ ਨਗੀਨੇ ਆਂ
ਸੱਚ ਇਹ ਹੈ .....

ਸਿਆਣਿਆਂ ਤੋਂ ਸੁਣੀ ਖਵਨੀ ਕੀਹਨੇ ਆਖੀ ਐ,
ਇਕ ਇਸ਼ਕ ਮਜਾਜੀ, ਹਕੀਕੀ ਤੀਜਾ ਇਖ਼ਲਾਕੀ ਐ,
ਨਾ ਖਾਦੇ ਧੋਖੇ ਨਾ ਹੋਏ ਔਖੇ ਨਾ ਫੱਟ ਬਹਿ ਸੀਨੇ ਆਂ
ਸੱਚ ਇਹ ਹੈ .....

ਪੰਛੀਆਂ ਵਾਂਗੂ ਬੰਦੇ ਦੀ ਬੇਇਤਬਾਰੀ ਬਹੁਤ ਐ
ਕੀਹਦੀ ਛਤਰੀ ਕਿਹੜਾ ਇਹ ਗਰਾਰੀ ਬਹੁਤ ਐ
ਆਵਦੀ ਉਡਾਰੀ ਐ, ਨਾ ਲੱਕੇ ਨਾ ਗੋਲੇ ਤੇ ਨਾ ਹੀ ਚੀਨੇ ਆਂ
ਸੱਚ ਇਹ ਹੈ .....

# 45. ਸਾਡੇ ਵਾਲਾ



ਖੇਤ ਦੇ ਗੁਆਂਢੀ ਨਾਲ ਵਾਰਤਾਲਾਪ

ਓਹ ਕਹਿੰਦਾ

"ਸਾਡੇ ਵਾਲਾ ਘੈਂਟ ਹੈ ਥੋੜਾ ਮਾੜਾ ਮਾਲੀ ਹੈ

ਤਾਂਹੀ ਸਾਡੇ ਵੱਲ ਰਹਿੰਦੀ ਵੱਧ ਹਰਿਆਲੀ ਹੈ

ਸਾਡੇ ਤਾਂ ਭਰ ਭਰ ਲੱਗਦਾ ਥੋੜੇ ਕਿਆਰੇ ਖਾਲੀ ਹੈ"

ਮੈਂ ਕਿਹਾ

"ਮਾਲੀ ਸਭ ਦਾ ਇਕ ਹੈ ਤੇਰੇ ਹੀ ਭੁਲੇਖੇ ਨੇ

ਫ਼ਲ ਫ਼ੁੱਲ ਵੀ ਲਾਉਂਦਾ ਅਜੇ ਕੀ ਦੇਖੇ ਨੇ

ਓਹ ਵਾਧ ਘਾਟ ਨੀ ਰੱਖਦਾ ਐਸੇ ਲੇਖੇ ਨੇ"

ਓਹ ਕਹਿੰਦਾ


"ਥੋੜੇ ਵਾਲਾ ਮੈਂ ਤਾਂ ਕਦੇ ਦੇਖਿਆ ਖੇਤ ਨਹੀਂ
ਜਾਂ ਆਉਂਦਾ ਨੀ ਹੋਣਾ ਜਾਂ ਕੰਮ ਦਾ ਭੇਤ ਨਹੀਂ
ਜਾਂ ਪੌਣ ਪਾਣੀ ਕਰਕੇ ਰਹਿੰਦਾ ਸੁਚੇਤ ਨਹੀਂ"

ਮੈਂ ਕਿਹਾ

"ਓਹ ਤਾਂ ਓਥੇ ਹੀ ਰਹਿੰਦਾ ਪੂਰੇ ਚੌਵੀ ਘੰਟੇ ਐ
ਖੇਡ ਓਸੇ ਨੇ ਹੀ ਸਾਜੀ ਸਭ ਉਹਦੇ ਬੰਟੇ ਐ
ਬੰਦਾ ਵਧਾਈ ਬੈਠਾ ਆਪੋ ਆਪਣੇ ਟੰਟੇ ਐ"

ਅੱਛਾ ਉਹਦੀ ਗੱਲ ਤੂੰ ਕਰਦੈਂ, ਦਾਤੇ ਸੱਚੇ ਦੀ
ਸੋਚ ਵੀ ਨਾ ਸਕਿਆ ਮੈਂ, ਦੇਖ ਮੱਤ ਕੱਚੇ ਦੀ
ਮੁਆਫ਼ ਕਰ ਦਿਓ ਦਾਤਾ ਗ਼ਲਤੀ ਬੱਚੇ ਦੀ
ਮੱਤ ਮਾਰੀ ਗਈ ਸੀ, ਹੈਂਕੜ ਵਿੱਚ ਮੱਚੇ ਦੀ

# 46.ਨਾਂ ਹੀ ਮੈਂ



ਨਾ ਹੀ ਮੈਂ ਹਨ੍ਹੇਰਾ ਤੇ ਨਾ ਹੀ ਮੈਂ ਚਾਨਣ ਆਂ
ਨਾ ਹੈੱਡ ਗਰੰਥੀ, ਪਾਦਰੀ, ਮੌਲਵੀ, ਬਾਹਮਣ ਆਂ
ਚੰਗੇ ਨਾਲ ਚੰਗੇ ਹਾਂ ਨਹੀਂ ਤਾਂ ਕੌੜ ਤੁੰਮੇ
ਨਾ ਸੇਬ ਨਾ ਬੇਰ ਨਾ ਅੰਬ ਨਾ ਜਾਮਣ ਆਂ

ਨਾ ਹੀ ਮੈਂ ਸ਼ਾਹੂਕਾਰ ਤੇ ਨਾ ਹੀ ਥਾਣੇਦਾਰ ਆਂ
ਨਾ ਨੰਬਰਦਾਰ, ਸਰਪੰਚ, ਪੰਚ, ਨਾ ਲਾਣੇਦਾਰ ਆਂ
ਫੁੱਲ ਵੀ ਖਿੜੇ ਐ ਤੇ ਪੰਛੀ ਵੀ ਆਉਣਗੇ
ਰਜਾ ਕੇ ਭੇਜੂ, ਐਨਾ ਕੁ ਤਾਂ ਬੂਟਾ ਮੈਂ ਦਾਣੇਦਾਰ ਆਂ

ਦੇਖਲੀ ਓੱਥੇ ਬਿਲ ਬੋਰਡ ਜਾ ਲਮਕੂਗਾ
ਦੇਖੀ ਓਥੇ ਨਾਂ ਮੇਰਾ ਦੇਖੀ ਚਮਕੂਗਾ
ਇਕ ਦੂਜੇ ਲਈ ਇਕ ਖੜ੍ਹੇ
ਦੋਨਾਂ ਦਾ ਚਿਹਰਾ ਦੇਖੀ ਦਮਕੂਗਾ

ਨਾਂ ਹੀ ਮੈਂ ਬੀਜ ਜਿਹੜਾ ਕਦੇ ਉਘਦਾ ਨੀ
ਨਾਂ ਹੀ ਮੈਂ ਕੰਡਾ ਐਸਾ ਜਿਹੜਾ ਕਦੇ ਖੁੰਭਦਾ ਨੀ
ਬੀਜਣਾ ਹੈ ਜੈਸਾ ਵੱਢਣਾ ਹੈ ਵੈਸਾ
ਚੰਗੀ ਸੋਚ ਵਾਲਾ ਬੰਦਾ ਕਦੇ ਡੁੱਬਦਾ ਨੀ

# 47. ਬੋਝ ਜ਼ਿਆਦਾ



ਖਿੜੇ ਫਿਰਦੇ ਨੇ ਰੋੜਾ ਦੇਖਿਆ
ਦਰੱਖਤ 'ਤੇ ਬੈਠਾ ਜੋੜਾ ਦੇਖਿਆ
ਸਿਟਿਆ ਪਰਾਂ ਨੂੰ ਹਾਲਾਤ ਦੇਖਕੇ
ਬਾਕੀ ਹੁੰਦੀ ਗੱਲ ਬਾਤ ਦੇਖਕੇ

ਦੂਰ ਦੁਰਾਡਿਓਂ ਆਏ ਸੀ ਲਗਦੇ
ਸਮਿਆਂ ਦੇ ਉਲਝਾਏ ਸੀ ਲਗਦੇ,
ਬੋਝ ਜ਼ਿਆਦਾ ਤੇ ਪਤਲੀ ਟਾਹਣੀ
ਅੱਡ ਜੇ ਪੰਛੀ, ਅਲੱਗ ਕਹਾਣੀ

ਪੈਂਦੀਆਂ ਕਣੀਆਂ ਹਵਾ ਸੀ ਚਲਦੀ
ਬਾਹਰ ਠੰਡ ਅੰਦਰ ਅੱਗ ਸੀ ਬਲਦੀ
ਬੈਠੀਏ ਕਿ ਉੱਡੀਏ, ਚੋਂਦਾ ਪਿਆ ਪਾਣੀ
ਬੋਝ ਜ਼ਿਆਦਾ ਤੇ ਪਤਲੀ ਟਾਹਣੀ.......

ਖੰਭ ਖਿਲਾਰੇ, ਖਿਲਾਰ ਝਟਕੇ ਝਾੜੇ
ਗਿੱਲਿਆਂ ਦੇ ਨਾਲ ਲੱਗਣ ਤਕੜੇ ਮਾੜੇ
ਹਵਾ ਗਈ ਖੰਭਾਂ ਥਾਈਂ ਛਾਣੀ
ਬੋਝ ਜ਼ਿਆਦਾ ਤੇ ਪਤਲੀ ਟਾਹਣੀ

ਬੱਦਲ ਵੀ ਪਿੱਛੋਂ ਕਾਲਾ ਚੜ੍ਹਦਾ
ਹਵਾ ਨਾਲ ਪਿਆ ਪਾਲਾ ਚੜ੍ਹਦਾ
ਨੇੜੇ ਹੋ ਕੇ ਬਹਿਗੇ ਰਾਜਾ ਰਾਣੀ
ਬੋਝ ਜ਼ਿਆਦਾ ਤੇ ਪਤਲੀ ਟਾਹਣੀ

ਕੀ ਗੱਲ ਕਾਹਤੋਂ ਪਾਉਣਾ ਆਲ੍ਹਣਾ
ਫ਼ਸਲ ਵੱਢੀ ਤੋਂ ਖ਼ਬਰੇ ਹੋਵੇ ਜਾਲਣਾ
ਆਜ਼ਾਦੀ ਮੁੱਕ ਜੂ ਜੇ ਪਾਲੀ ਢਾਣੀ
ਬੋਝ ਜਿਆਦਾ ਤੇ ਪਤਲੀ ਟਾਹਣੀ...

# 48. ਠੱਕ ਠੱਕ



ਗੁਆਂਢੀਆਂ ਤੋਂ ਆਵਾਜ਼ ਆਉਂਦੀ ਹੈ ਤਾਂ ਮੈਂ ਪੁੱਛ ਲੈਂਦਾ ਹਾਂ...ਉਹਨਾਂ ਦਾ ਜਵਾਬ ਇਕੋ ਹੁੰਦਾ—"ਕੁਝ ਨਹੀਂ।

ਕੋਈ ਗੱਲ ਹੋਵੇ, ਮਿਸਤਰੀ ਲੱਗੇ ਹੋਣ, ਕੋਈ ਕੰਮ ਚੱਲਦਾ ਹੋਵੇ— ਮੈਂ ਪੁੱਛਣੋਂ ਨਹੀਂ ਹਟਦਾ, ਤੇ ਉਹ ਕਹਿਣੋਂ ਨਹੀਂ ਹਟਦੇ—ਕੁਝ ਨਹੀਂ

ਠੱਕ ਠੱਕ ਕੀ ਕਰੀ ਜਾਨਾ? ਕੁਝ ਨਹੀਂ
ਲੈ ਇਹ ਕੀ ਬਹਾਨਾ? ਕੁਝ ਨਹੀਂ

ਬਸ ਠੱਕ ਠੱਕ ਸੁਣਦੇ ਥੱਕ ਗਏ, ਰੌਲ਼ੇ ਰੱਪੇ ਤੋਂ ਅੱਕ ਗਏ
ਗੱਲ ਹਰੇਕ ਦਾ ਜਵਾਬ ਓਹੀ ਕਿਉਂ ਸਿਰ ਖਾਨਾ? ਕੁਝ ਨਹੀਂ
ਠੱਕ ਠੱਕ.....

ਕਦੇ ਗਲੇਲ ਕਦੇ ਤੀਰ ਚੱਕੇ, ਕਿੱਥੋਂ ਤੱਕ ਲਾ ਦਿਆਂਗੇ ਪੱਕੇ,
ਕਿੰਨੇ ਭੰਨੇ ਕੁੱਜੇ, ਕਿੱਥੇ ਲਾਇਆ ਨਿਸ਼ਾਨਾ? ਕੁਝ ਨਹੀਂ

ਠੱਕ ਠੱਕ....

ਸ਼ਤੀਰ ਲਾਉਣੀ ਹੈ ਕਿ ਗਾਰਡਰ, ਕਿ ਕੈਂਚੀ ਦਾ ਕਰਨਾ ਆਡਰ
ਫੇਰ ਪਾਉਣਾ ਕੀ ਐ, ਬਾਲਾ ਕਿ ਕਾਨਾ? ਕੁਝ ਨਹੀਂ
ਠੱਕ ਠੱਕ.....

ਵੈਲਡਰ ਨੇ ਦੋ ਟੂਚ ਲਾ ਤੇ, ਬਲਬ ਵਾਲੇ ਦੋ ਸੁੱਚ ਲਾ ਤੇ,
ਕੀ ਲਿਆਵਾ ਚਾਬੀ 10 ਦੀ ਕਿ ਪਾਨਾ? ਕੁਝ ਨਹੀਂ
ਠੱਕ ਠੱਕ....

ਚਲ ਪਈ ਫੇਰ ਰੁਕਣੀ ਨੀ, ਗੈਸ ਜਿੰਨਾ ਚਿਰ ਮੁੱਕਣੀ ਨੀ
ਕੀ ਲਾਈਏ ਫੇਰ, ਕੋਈ ਡੱਕਾ ਕਿ ਫਾਨਾ? ਕੁਝ ਨਹੀਂ
ਠੱਕ ਠੱਕ.....

ਚੰਗਾ ਯਰ ਗੱਲ ਮੁਕਾ ਲੈ, ਐਦਾਂ ਕਰ ਵਿਆਹ ਕਰਵਾ ਲੈ,
ਦੱਸ ਲੈਣਾ ਕੀ ਹੈ ਰਪਈਆ ਕਿ ਕੋਈ ਗਾਨਾ? ਕੁਝ ਨਹੀਂ
ਠੱਕ ਠੱਕ.....

# 49. ਡੋਲਦਾ ਨੀ



ਅੰਦਰ ਨਾਲ ਜੇ ਜੁੜੇ ਬੰਦਾ, ਡੋਲਦਾ ਨੀ
ਜੇ ਨਾ ਜੁੜ ਪਾਇਆ ਅੰਦਰੋਂ ਬੋਲਦਾ ਨੀ
ਅੰਦਰ ਨਾਲ ਜੇ.....

ਓਹ ਗੱਲ ਤਾਂ ਹੋਰ ਦੀ ਹੋਰ ਨਿਕਲੀ
ਕਾਗ਼ਜੀ ਫੁੱਲਾਂ 'ਤੇ ਆ ਬਹਿਗੀ ਤਿਤਲੀ
ਹਵਾ ਵੀ ਸੀ ਤੇ ਮਹਿਕ ਵੀ ਸੀ
ਪਰ ਕਾਗ਼ਜੀ ਅੰਦਰ ਰਸ ਘੋਲਦਾ ਨੀ
ਅੰਦਰ ਨਾਲ ਜੇ.....
ਤੂੰ ਜੋਰ ਅਜ਼ਮਾਇਸ਼ ਕੀਤੀ ਤਾਂ ਹੈ
ਹਰੇਕ ਤੂੰ ਗੁਨਜਾਇਸ਼ ਕੀਤੀ ਤਾਂ ਹੈ
ਵਸ ਚਲੇ, ਹਮ ਚਲੇ, ਕਸ ਚਲੇ
ਫੜ ਲਵੇ ਬਾਂਹ, ਫੇਰ ਰੋਲਦਾ ਨੀ

ਅੰਦਰ ਨਾਲ ਜੇ.....

ਸੱਬਲ ਥੋੜੀ ਤੇਸੀ ਸਭ ਸੰਦ ਪਿਆ ਏ
ਬੂਹਾ ਫੇਰ ਵੀ ਨਾ ਖੁੱਲੇ ਬੰਦ ਪਿਆ ਏ
ਬਾਹਰੋਂ ਭੰਨ ਕੇ ਦੇਖ ਲਿਆ ਖੋਲਦਾ ਨੀ
ਅੰਦਰ ਨਾਲ ਜੇ ਜੁੜੇ ਬੰਦਾ, ਡੋਲਦਾ ਨੀ
ਜੇ ਨਾ ਜੁੜਿਆ ਉਹ ਅੰਦਰੋਂ ਬੋਲਦਾ ਨੀ

# 50. ਪਤਾ ਨੀ



ਪਤਾ ਨੀ ਕਿਉਂ ਤੇਰੇ ਬਿਨ੍ਹਾਂ ਮੈਂ ਰਹਿ ਨਹੀਂ ਸਕਦਾ
ਅੰਦਰੋਂ ਭਰਿਆ ਪਿਆ ਪਰ ਕਹਿ ਨਹੀਂ ਸਕਦਾ
ਮਨ ਰੂਹ ਸ਼ਾਂਤ ਚਾਹੀਦੀ
ਕਿਸੇ ਨਾਲ ਵੀ ਹੁਣ ਖਹਿ ਨਹੀਂ ਸਕਦਾ
ਪਤਾ ਨੀ ਕਿਉਂ......

ਮੇਰੇ ਜੁੰਮੇ ਪੈ ਗਏ ਜੋ, ਦੋਸ਼ ਚੱਕੀ ਫਿਰਦਾ
ਸੁਰਤ ਵੀ ਨੀ ਫੇਰ ਸਰੀਰ ਬੇਹੋਸ਼ ਚੱਕੀ ਫਿਰਦਾ
ਗਵਾਹ ਮੁਦਈ ਖਾਸ ਮੇਰੇ

ਓਨਾਂ ਨਾਲ ਪੰਗਾ ਲੈ ਨਹੀਂ ਸਕਦਾ
ਪਤਾ ਨੀ ਕਿਉਂ.....

ਗੱਲ ਕਿਸੇ ਦੀ ਕਿਤੇ ਹੋਰ, ਜੁਦਾਈ ਪੱਲੇ ਪੈ ਗਈ
ਨੱਚਦੇ ਟੱਪਦਿਆਂ ਦੇ ਜਿਵੇਂ ਰੁਬਾਈ ਪੱਲੇ ਪੈ ਗਈ
ਪੀੜਾਂ ਬਹੁਤ ਹੰਢਾਈਆਂ
ਪਰ ਇਹ ਵਾਲੀ ਸਹਿ ਨੀ ਸਕਦਾ
ਪਤਾ ਨੀ ਕਿਉਂ....

ਨੇੜੇ ਹੋਣ ਦੀ ਕੋਸ਼ਿਸ਼, ਜਾਂਦਾ ਜਾਂਦਾ ਦੂਰ ਹੋਇਆ
ਏਸੇ ਤੋਂ ਲਗਦਾ ਚਲੋ ਭਲਾ ਕਿਸੇ ਦਾ ਜ਼ਰੂਰ ਹੋਇਆ
ਸੁੱਜੀਆਂ ਅੱਖਾਂ ਗੁੱਝੀਆਂ ਸੱਟਾਂ
ਕਿਸੇ ਕੋਲ ਬਹਿ ਨਹੀਂ ਸਕਦਾ.....
ਪਤਾ ਨੀ ਕਿਉਂ....

ਮਜ਼ਾਕ ਜਾ ਬਣਦਾ ਰਹਿੰਦਾ ਕਿਸੇ ਦੇ ਜ਼ਿਕਰਾਂ ਦਾ
ਕੋਈ ਹਾਲੀ ਮਾਲੀ ਨੀ ਹੁੰਦਾ ਫ਼ੱਕਰਾਂ ਫਿਕਰਾਂ ਦਾ
ਕਿਸੇ ਗੱਲ ਲਈ ਹੱਲ ਲਈ
ਕੋਈ ਵੀ ਵਿਚ ਪੈ ਨਹੀਂ ਸਕਦਾ....
ਪਤਾ ਨੀ ਕਿਉਂ....

# 51. ਜੇ ਨਾ ਹੋਵੇ



ਹਾਰਾ ਕਾਹਦਾ ਜੀਹਦੀ ਛੱਤ ਤੇ ਕਾਲਸ ਨਾ ਹੋਵੇ
ਮੱਲ ਕਾਹਦਾ ਜੀਹਦੀ ਨਿੱਤ ਮਾਲਸ਼ ਨਾ ਹੋਵੇ
ਹੈਗੇ ਨੇ ਬਾਕੀ ਵੀ ਪਰ ਰੌਹਬ ਜਾ ਨੀ ਪੈਂਦਾ
ਅਫ਼ਸਰ ਕਾਹਦਾ ਬੂਟ ਜੀਹਦਾ ਚੰਗਾ ਪਾਲਸ਼ ਨਾ ਹੋਵੇ

ਜਵਾਕ ਕਾਹਦਾ ਜੀਹਨੇ ਕੀਤੀ ਰਿਹਾੜ ਨਾ ਹੋਵੇ
ਬਾਗ਼ ਨੀ ਰਹਿੰਦਾ ਜੇਕਰ ਕਿਤੇ ਬਾੜ ਨਾ ਹੋਵੇ
ਪੋਹ ਮਾਘ ਦਾ ਸੁਆਦ ਅਧੂਰਾ ਸਾਗ ਬਿਨ੍ਹਾਂ
ਮਤੀਰਾ ਖਰਬੂਜਾ ਵੀ ਜੇਕਰ ਜੇਠ ਹਾੜ ਨਾ ਹੋਵੇ

ਖਾਣ ਨੂੰ ਜੀ ਨੀ ਕਰਦਾ ਜੇਕਰ ਭੁੱਖ ਨਾ ਹੋਵੇ

ਐਸਾ ਕਿਹੜਾ ਪੁਰਖ ਜੀਹਨੂੰ ਕੋਈ ਦੁੱਖ ਨਾ ਹੋਵੇ
ਰੇਗਿਸਤਾਨ ਬਣਨਾ ਓਹਨੇ ਅੱਜ ਜਾਂ ਕੱਲ੍ਹ ਨੂੰ
ਖੇਤਾਂ ਨੂੰ ਚੂਸੀ ਜਾਣਾ ਨਾਲੇ ਓਥੇ ਰੁੱਖ ਨਾ ਹੋਵੇ

ਸੁਖੀ ਵਸਦੇ ਟੱਬਰ ਜੇਕਰ ਲੜਾਈ ਨਾ ਹੋਵੇ
ਥੱਲੇ ਨੂੰ ਖਿੱਚਣ ਲਗਦੇ ਓਹਦੀ ਚੜਾਈ ਨਾ ਹੋਵੇ
ਕੀ ਸਿੱਖਿਆ ਕੀ ਸਖਾਉਣਾ ਤੁਸੀਂ ਅੱਗੇ ਬਾਬਾ
ਅੱਖਰ ਮੈਸ ਬਰਾਬਰ ਜੇਕਰ ਪੜ੍ਹਾਈ ਨਾ ਹੋਵੇ

ਫ਼ਸਲ ਨਾ ਚੰਗੀ ਹੁੰਦੀ ਜੇਕਰ ਰੂੜੀ ਖਾਦ ਨਾ ਹੋਵੇ
ਫੋਕੇ ਜੇ ਚੂਪਣ ਨੂੰ ਲਗਦੇ ਗੰਨਾ ਸੁਆਦ ਨਾ ਹੋਵੇ
ਮਾਲਵੇ 'ਚ ਕਪਾਹ, ਮੱਕੀ ਚੌਲ ਮਾਝੇ ਦੇ
ਕਮਾਦ ਦਾ ਵੀ ਪੇਚਾ ਦੁਆਬੇ ਪੁਆਦ ਨਾ ਹੋਵੇ....

# 52. ਬਦਲਗੇ

ਬਦਲ ਗਏ ਸੱਚੀ ਬਦਲ ਗਏ,
ਦਿਨ ਰਾਤ ਸਾਰੇ ਬਦਲ ਗਏ,
ਪਹਿਲਾਂ ਕੀ ਸੀ ਹੁਣ ਕੀ ਨੇ?
ਇਹ ਹਾਲਾਤ ਸਾਰੇ ਬਦਲ ਗਏ
ਕਈ ਸੁਧਰ ਗਏ ਕਈ ਵਿਗੜੇ
ਕਈ ਯਾਰ ਸਾਰੇ ਬਦਲ ਗਏ,
ਰਿਸ਼ਤੇ ਜੋ ਗੂੜੇ ਹੁੰਦੇ ਸੀ
ਅੱਜ ਪਿਆਰ ਸਾਰੇ ਬਦਲ ਗਏ।

ਪਿੰਡ ਰਹੇ ਨਾ ਪਿੰਡ, ਨਾ ਪਹੁੰਚੇ ਸ਼ਹਿਰ ਬਰਾਬਰ ਨੇ
ਸ਼ਹਿਰ ਚੱਲੇ ਪਿੰਡਾਂ ਵੱਲ ਨੂੰ, ਇਹ ਕਹਿਰ ਬਰਾਬਰ ਨੇ
Switch ਦੱਬੋ ਕੰਮ ਹੋਵੇ, ਔਜ਼ਾਰ ਸਾਰੇ ਬਦਲ ਗਏ
ਰਿਸ਼ਤੇ ਜੋ......

ਗਿਧੇ ਭੰਗੜੇ ਬਦਲੇ, ਬੋਲੀਆਂ ਵੀ ਬਦਲੀਆਂ ਨੇ
ਤਰੱਕੀ ਹੈ ਕੀਤੀ ਕਿ ਭੁੱਲੀਆਂ, ਪੀੜ੍ਹੀਆਂ ਅਗਲੀਆਂ ਨੇ

ਹੱਥਾਂ ਜੋ ਦਿਮਾਗਾਂ 'ਚ ਆਏ, ਰੋਜ਼ਗਾਰ ਸਾਰੇ ਬਦਲ ਗਏ
ਰਿਸ਼ਤੇ ਜੋ.....

ਇੱਜ਼ਤ ਤਾਂ ਅੰਦਰੋਂ ਆਉਂਦੀ, ਨਾ ਕਿ ਲਿਆਉਣੀ ਪੈਂਦੀ ਏ
ਵੱਡੇ ਨੂੰ ਛੋਟੇ ਤਾਈਂ, ਆਪ ਫਤਿਹ ਬੁਲਾਉਣੀ ਪੈਂਦੀ ਏ

ਏਸੇ ਲਈ ਮੈਨੂੰ ਲਗਦਾ, ਸਤਿਕਾਰ ਸਾਰੇ ਬਦਲ ਗਏ
ਰਿਸ਼ਤੇ ਜੋ .......

ਚੁੱਪ ਕਰਕੇ ਮੰਨ ਲੈਂਦੇ, ਜੋ ਸਿਆਣਿਆਂ ਨੇ ਕਿਹਾ
ਬੁਰੀ ਲੱਗੇ ਭਲੀ ਲੱਗੇ, ਜੋ ਕਿਹਾ ਓਹੀ ਸੀ ਸਿਹਾ
Commercial ਲਿਖਿਆ ਚਲਦਾ, ਕਲਮ ਦਵਾਤ ਸਾਰੇ ਬਦਲ ਗਏ
ਦਿਨ ਰਾਤ ਸਾਰੇ ਬਦਲ ਗਏ...
ਜਜ਼ਬਾਤ ਸਾਰੇ ਬਦਲ ਗਏ...
ਹਾਲਾਤ ਸਾਰੇ ਬਦਲ ਗਏ...